# ਵਤਨੋਂ ਦੂਰ

31

Telephone: 734-1413
FEB. & MAR. 76
50 cents
ਸੰਪਾਦਕ: ਸੁਰਿੰਦਰ ਧੰਜਲ



# We at MONARCH LIFE feel that the words SECURITY and LOVE go hand in hand



T. RAJ KAPAHI C.L.U.
*Unit Supervisor*
Res.: 433-3441

Why? Because, when a man worries about his family's financial future, in essense, their security, that is an expression of his love. However, we know that "financial planning" seems like a very complex term. So, we developed an analyser, which turns the words "financial planning" into a clear concise objective, or what you and your family want! . . . It's called Monogram. Are you worried about your financial security? Maybe Monogram and I can help?



RAVI MATHUR
*Representative*
Res.: 438-2307

## The Monarch Life
**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

---

# Hi, There!
# We Care For Repair

ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

## ਟਰਾਂਸ-ਕੈਨੇਡਾ ਟੀ.ਵੀ
## TRANS-CANADA T.V.

14370—104 AVE., SURREY, B.C.

(guaranteed repair of color & B/W T.V.'s, stereos, Hi-Fi, Tape Recorders, Radios & Phonographs).

**PHONE: 588-7525 OR 588-2296**

OPENS 8 A.M. TO 10 P.M.
We install car-radios & tape deck.

LITERARY & CULTURAL MONTHLY OF PANJABI
**THE WATNO DŪR**

MAILING ADDRESS:
POST BOX No. 1041
COQUITLAM, B.C. CANADA
V3J 6Z4

OFFICE ADDRESS:
No. 214–1956 WEST BROADWAY
VANCOUVER, B.C. CANADA
V6J 1Z2

VOLUME 4 | SECOND CLASS MAIL REGISTRATION NO. 3233 | FEB.-MARCH 76

**FOUNDER:**
TARA SINGH HAYER
**PUBLISHER:**
CHARANJEET SI DHOO
**EDITOR:**
SURINDER DHANJAL
**ADVERTISING EDITOR:**
DALJIT TOOR
**ART EDITOR:**
NIRMAL DHALIWAL

**EDITORIAL BOARD:**
AJMER RODEY
BHUPINDER DHALIWAL

**CIRCULATION BOARD:**
KARAMJIT GHUMAN ............. SURREY
SUKHPAL TALLEWALIA ......... BURNABY
BALBIR DHALIWAL ............ BURNABY
GURCHARAN TALLEWALIA .... RICHMOND
LATT BHINDER ............... KAMLOOPS
HARNEK MANN .............. PR. GEORGE
JOGINDER AULAKH .......... PR. GEORGE
SURDEV JATANA ............ PR. RUPERT
RUPINDER SINGH ........... MONTREAL
RAJ SINGH MANN ............. WINNIPEG
KASHMIRA SINGH CHAMAN .... CALGARY

**SUBSCRIPTIONS:**
ANNUAL: $5.00
HALF YEAR: $3.00
ONE COPY: 50 cents

**TELEPHONE**
**734-1413**

**MONDAY TO FRIDAY**
**5 p.m. to 8 p.m.**

## 'ਗਵਰਨਰ ਪੰਜਾਬ ਨੂੰ ਖ਼ਤ' ਵਿੱਚੋਂ

(20 ਮਾਰਚ 1931)

... ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤੱਕ ਚਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ।...

... ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸਦੇ ਥਾਂ ਸਮਾਜਕ ਖ਼ੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁਟ ਖਸੁਟ ਅਸੰਭਵ ਬਣਾ ਕੇ ਮਨੁੱਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿਖ ਵਿੱਚ ਆਖਰੀ ਯੁਧ ਲੜਿਆ ਜਾਵੇਗਾ ਤੇ ਉਹ ਫੈਸਲਾਕੁਨ ਹੋਵੇਗਾ।...

- ਭਗਤ ਸਿੰਘ, ਰਾਜਗੁਰੂ, ਸੁਖਦੇਵ
(ਸ਼ਹੀਦੀ: 23 ਮਾਰਚ 1931)

## ਮੁੱਖ ਚਿਤਰ

ਭਗਤ ਸਿੰਘ ਦੀਆਂ ਲੋਕ-ਪ੍ਰਿਯ ਇਨਕਲਾਬੀ-ਰੁਚੀਆਂ ਕਾਰਨ ਪੁਲਸ ਉਸਨੂੰ ਫੜਨ ਦਾ ਕੋਈ ਬਹਾਨਾ ਲੱਭਦੀ ਸੀ। ਲਾਹੌਰ ਦੀ ਇੱਕ ਭੀੜ ਵਾਲੀ ਗਲੀ ਵਿਚ ਦੁਸਹਿਰੇ ਵਾਲੇ ਦਿਨ ਕੁਝ ਫਿਰਕਾ-ਪਰੱਸਤਾਂ ਦਾ ਰੱਖਿਆ ਇਕ ਬੰਬ ਫਟਿਆ। ਸ਼ੱਕ ਵਿਚ ਪੁਲਸ ਨੇ ਭਗਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਤੇ ਚੜ੍ਹਦੀ ਜਵਾਨੀ ਸਮੇਂ ਲੱਗਭਗ 20 ਸਾਲ ਦੀ ਉਮਰ (1927) ਵਿੱਚ ਭਗਤ ਸਿੰਘ ਦੀ ਇਹ ਫੋਟੋ ਚੋਰੀ ਖਿਚ ਲਈ ਤਾਂ ਜੁ ਅੱਗੇ ਤੋਂ ਇਹ ਫੋਟੋ ਪੁਲਸ-ਥਾਣਿਆਂ ਭੇਜਕੇ ਭਗਤ ਸਿੰਘ ਤੇ ਕਰੜੀ ਨਜ਼ਰ ਰੱਖੀ ਜਾ ਸਕੇ। ਫਾਂਸੀ ਤੋਂ ਕੁਝ ਦਿਨ ਪਿੱਛੋਂ ਕਿਸੇ ਈਮਾਨਦਾਰ ਅਫ਼ਸਰ ਨੇ ਇਹ ਫੋਟੋ ਸ਼ਹੀਦ ਦੇ ਵਾਰਸਾਂ ਨੂੰ ਦੇ ਦਿੱਤੀ।

# ਮੌਤ ਤੋਂ ਬਾਅਦ ਦਾ ਦੁਖ

ਚਰਨਜੀਤ ਸਿੰਘ

ਪਲ ਪਲ ਬਾਅਦ ਭੀੜ ਵੱਧ ਰਹੀ ਸੀ।

ਢਾਬੇ ਦਾ ਮਾਲਕ ਪਾਖਰ, ਭੀੜ ਤੋਂ ਇਕ ਪਾਸੇ ਖੜਾ, ਆਪਣੇ ਨੌਕਰ ਨਾਲ ਗੱਲਾਂ ਕਰਨ ਵਿਚ ਰੁੱਝਾ ਪਿਆ ਸੀ। ਉਸ ਦਾ ਮੂੰਹ ਉਦਾਸ ਤੇ ਉਤਰਿਆ ਉਤਰਿਆ ਸੀ। ਗੱਲਾਂ ਕਰਦਾ ਕਰਦਾ, ਕਈ ਵਾਰ ਉਹ ਆਪਣੇ ਹੱਥਾਂ ਨੂੰ ਆਪਣੀ ਪਿੱਠ ਪਿੱਛੇ ਲੈ ਜਾਂਦਾ, ਤੇ ਫੇਰ ਉਨ੍ਹਾਂ ਦੀ ਕੱਸ ਕੇ ਕੰਘੀ ਜਿਹੀ ਬਣਾ ਲੈਂਦਾ। ਉਸ ਦਾ ਨੌਕਰ ਕਰਮੂ ਚੁੱਪ ਚਾਪ, ਜ਼ਮੀਨ ਵੱਲ ਆਪਣੀ ਗਰਦਨ ਸੁਟੀ, ਬੜੇ ਧਿਆਨ ਨਾਲ ਆਪਣੇ ਮਾਲਕ ਦੀਆਂ ਗੱਲਾਂ ਸੁਣ ਰਿਹਾ ਸੀ। ਕਦੇ ਕਦੇ ਕਰਮੂ ਆਪਣੀ ਮੋਟੀ ਤੇ ਕਾਲੀ ਗਰਦਨ ਉੱਚੀ ਕਰਦਾ, ਆਪਣੇ ਮਾਲਕ ਵੱਲ ਵੇਖਦਾ, ਤੇ ਫੇਰ ਆਹਿਸਤਾ ਜਿਹੇ ਆਪਣਾ ਸਿਰ ਝਟਕ ਦਿੰਦਾ। ਕਿੰਨਾ ਚਿਰ ਉਹ ਗੱਲਾਂ ਕਰਦੇ ਰਹੇ। ਹੌਲੀ ਹੌਲੀ।

ਤੇ ਫੇਰ ਕਰਮੂ ਦੇ ਉਥੋਂ ਤੁਰ ਜਾਣ ਤੇ, ਪਾਖਰ ਭੀੜ ਵਿਚ ਆਇਆ, ਤੇ ਸਾਰਿਆਂ ਵੱਲ ਓਪਰੀ ਜਿਹੀ ਨਿਗਾਹ ਨਾਲ ਵੇਖ ਕੇ ਬੋਲਿਆ, "ਚੰਗਾ ਭਲਾ ਸੀ ਰਾਤ। ਬਸ, ਥੋੜਾ ਜਿਹਾ ਇਹਦਾ ਪਿੰਡਾ ਗਰਮ ਸੀ। ਘਰ ਜਾਣ ਤੋਂ ਪਹਿਲਾਂ, ਮੈਂ ਇਹਦੇ ਲਈ ਹਕੀਮ ਚੋਖਾ ਨੰਦ ਤੋਂ ਪੁੜੀਆਂ ਲੈ ਆਇਆ। ਇਕ ਪੁੜੀ ਮੈਂ ਆਪ ਗਰਮ ਪਾਣੀ ਨਾਲ ਇਹਨੂੰ ਦਿਤੀ। ਤੇ ਦੂਜੀ ਪੁੜੀ ਸਵੇਰ ਲਈ...।" ਬੋਲਦਿਆਂ ਬੋਲਦਿਆਂ ਪਾਖਰ ਦਾ ਗਲਾ ਭਰ ਆਇਆ। ਤੇ ਫੇਰ ਉਸ ਤੋਂ ਹੋਰ ਬੋਲਿਆ ਹੀ ਨਾ ਗਿਆ।

ਪਾਖਰ ਨੂੰ ਇੰਜ ਅਚਾਨਕ ਚੁੱਪ ਵੇਖ ਕੇ, ਇਕ ਵਾਰ ਤਾਂ ਸਾਰੀ ਭੀੜ ਦੇ ਚਿਹਰੇ ਉਦਾਸ ਹੋ ਗਏ।

ਹੁਣ ਪਾਖਰ ਨੇ ਪੱਗ ਦੇ ਲੜ ਨਾਲ ਆਪਣੀਆਂ ਅੱਖਾਂ ਪੂੰਝੀਆਂ, ਤੇ ਘੱਗਿਆ ਕੇ ਬੋਲਿਆ, "ਕੀ ਪਤਾ ਸੀ, ਅਮਰ ਦੂਜੀ ਪੁੜੀ ਲੈਣ ਤੋਂ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਜਾਵੇਗਾ।"

ਲੋਕ ਚੁੱਪ ਰਹੇ। ਮੁੜ ਮੁੜ ਇਕ ਦੂਜੇ ਵੱਲ ਵੇਖਣ ਲੱਗੇ।

ਹੁਣ ਦੇਬੂ ਅਮਲੀ — ਜਿਹੜਾ ਕਿੰਨੇ ਸਾਲ ਪਾਖਰ ਦੇ ਢਾਬੇ 'ਚ ਭਾਂਡੇ ਮਾਂਜਦਾ ਰਿਹਾ ਸੀ। ਤੇ ਜਦੋਂ ਉਹ ਬਹੁਤ ਹੀ ਕਮਜ਼ੋਰ ਹੋ ਗਿਆ, ਤਾਂ ਪਾਖਰ ਨੇ ਇਸ ਦੀ ਥਾਂ ਅਮਰ ਨੂੰ ਰੱਖ ਲਿਆ ਸੀ — ਭੀੜ ਨੂੰ ਇਕ ਪਾਸੇ ਕਰਦਾ, ਬੜੀ ਹੌਲੀ ਅਮਰ ਦੀ ਲਾਸ਼ ਵੱਲ ਵਧਿਆ, ਤੇ ਪੈਰਾਂ ਭਾਰ ਹੀ ਲਾਸ਼ ਦੇ ਸਿਰਹਾਣੇ ਬੈਠ ਗਿਆ। ਤੇ ਫੇਰ ਉਸ ਨੇ ਬੇ-ਝਿਜਕ ਹੋ ਕੇ, ਬੜੀ ਅਹਿਸਤਾ, ਅਮਰ ਦੇ ਮੂੰਹ ਉਤੋਂ ਖੇਸ ਨੂੰ ਇਕ ਪਾਸੇ ਕਰ ਦਿਤਾ। ਅਮਰ ਦਾ ਮੂੰਹ ਇੰਜ ਖੁਲ੍ਹਾ ਸੀ, ਜਿਵੇਂ ਉਹ ਹੁਣੇ ਹੀ ਕੁਝ ਬੋਲ ਕੇ ਹਟਿਆ ਹੋਵੇ। ਅਮਰ ਦੀਆਂ ਮੁੱਛਾਂ ਦੇ ਮੋਟੇ ਮੋਟੇ ਵਾਲਾਂ ਵਿਚ ਰਾਤ ਦੀ ਖਾਧੀ ਕਿਸੇ ਸਬਜ਼ੀ ਦੀ ਤਰੀ ਉਂਜ ਦੀ ਉਂਜ ਚਿਪਕੀ ਪਈ ਸੀ। ਸਿਰ ਉਤੇ ਉਸ ਦੀ ਮੈਲੀ ਪੱਗ ਨੂੰ ਦੁਬਾਰਾ ਫੇਰ ਕਾਹਲੀ ਵਿਚ ਲਪੇਟ ਦਿਤਾ ਸੀ। ਮੈਲੀ ਪੱਗ ਦੇ ਪਾਟੇ ਲੜਾਂ ਵਿਚੋਂ, ਉਸ ਦੇ ਅਣ-ਵਾਹੇ ਵਾਲਾਂ ਦੀਆਂ ਜਟੂਰੀਆਂ, ਬਾਹਰ ਵੱਲ ਖਿੰਡ ਰਹੀਆਂ ਸਨ। ਤੇ ਫੇਰ ਦੇਬੂ ਅਮਲੀ ਨੇ ਮਰ ਚੁੱਕੇ ਅਮਰ ਦੇ ਮੂੰਹ ਤੇ ਆਹਿਸਤਾ-ਆਹਿਸਤਾ ਹੱਥ ਫੇਰਨਾ ਸ਼ੁਰੂ ਕੀਤਾ, ਇੰਜ, ਜਿਵੇਂ ਉਹ ਉਸ ਦਾ ਕੋਈ ਸਕਾ-ਸੰਬੰਧੀ ਹੋਵੇ।

"ਅਮਲੀਆ, ਹੁਣ ਕੀ ਰਹਿ ਗਿਐ ਏਸ 'ਚ।" ਪਾਖਰ ਨੇ ਦੇਬੂ ਦੇ ਪਤਲੇ ਜਿਹੇ ਮੋਢੇ ਤੇ ਆਪਣਾ ਹੱਥ ਧਰਿਆ, ਤੇ ਬੜੀ ਰੋਣ-ਹਾਕੀ ਅਵਾਜ਼ 'ਚ ਕਿਹਾ।

ਅਮਲੀ ਕੁਝ ਨਾ ਬੋਲਿਆ। ਉਹ ਅਮਰ ਦੇ ਸਿਰ ਦੇ ਖਿੰਡੇ ਵਾਲਾਂ ਨੂੰ ਹੌਲੀ ਹੌਲੀ ਪੱਗ ਦੇ ਲੜਾਂ ਅੰਦਰ ਕਰਦਾ ਰਿਹਾ ਕਿੰਨਾ ਚਿਰ।

ਤੇ ਫੇਰ ਖੇਸ ਨੂੰ ਉਸ ਮੁੜ ਅਮਰ ਦੇ ਮੂੰਹ ਉਤੇ ਕਰ ਦਿਤਾ। ਤੇ ਆਪਣੇ ਗੋਡਿਆਂ ਤੇ ਹੱਥ ਧਰ ਕੇ ਖੜਾ ਹੋ ਗਿਆ। ਜਦੋਂ ਉਹ ਲਾਸ਼ ਦੁਆਲੇ ਜੁੜੀ ਭੀੜ ਨੂੰ ਇਕ ਪਾਸੇ ਕਰ ਕੇ ਬਾਹਰ ਵੱਲ ਜਾ ਰਿਹਾ ਸੀ, ਤਾਂ ਉਸ ਦੀਆਂ ਪੀਲੀਆਂ ਤੇ ਚੁੰਧੀਆਂ ਅੱਖਾਂ, ਬਹੁਤ ਸਾਰਿਆਂ ਨੇ ਅੱਥਰੂਆਂ ਨਾਲ ਗੱਚ ਹੋਈਆਂ ਵਧੀਆਂ।

"ਚਲੋ, ਇਕ ਗੱਲੋਂ ਤਾਂ ਚੰਗਾ ਹੋਇਆ।"

"ਜਿਊਂਦਾ ਕਾਹਦਾ ਸੀ ਵਿਚਾਰਾ, ਨਰਕ ਭੋਗ ਰਿਹਾ ਸੀ।"

"ਵਿਚਾਰਾ ਠੰਡ ਨਾਲ ਮਰ ਗਿਐ।"

"ਠੰਡ ਵੀ ਤਾਂ ਦੇਖੋ, ਕਿੰਨੀ ਪੈ ਰਹੀ ਹੈ। ਪੰਦਰਾਂ ਦਿਨਾਂ ਤੋਂ ਸਾਲੀ ਧੁੰਦ ਹੀ ਨਹੀਂ ਹਟ ਰਹੀ। ਕਿਤੇ ਅੱਧੇ-ਦਿਨ ਪਿਛੋਂ ਜਾ ਕੇ ਸੂਰਜ ਦਿਖਾਈ ਦਿੰਦੈ।"

ਤਰ੍ਹਾਂ ਤਰ੍ਹਾਂ ਦੀਆਂ ਲੋਕ ਗੱਲਾਂ ਕਰਨ ਲੱਗੇ।

"ਇਹ ਸਾਲੀ ਸਰਦੀ ਤਾਂ ਅਮੀਰਾਂ ਲਈ ਹੀ ਆਉਂਦੀ ਐ। ਜਿਨ੍ਹਾਂ ਕੋਲ ਬੇ-ਅੰਤ ਗਰਮ ਕਪੜੇ ਹੁੰਦੇ ਨੇ। ਦਫ਼ਤਰਾਂ ਵਿਚ ਬੈਠੇ ਜਿਹੜੇ ਅੰਗੀਠੀਆਂ ਵੀ ਸੇਕੀ ਜਾਂਦੇ ਨੇ, ਤੇ ਨਾਲੇ ਕਾਜੂ ਬਦਾਮ ਵੀ ਖਾਈ ਜਾਂਦੇ ਨੇ।... ਠੰਡ ਨਾਲ ਮਰਨ ਲਈ ਤਾਂ ਸਾਡੇ ਵਰਗੇ ਗਰੀਬ ਹੀ ਨੇ।" ਭੀੜ ਤੋਂ ਇਕ ਪਾਸੇ ਖੜਾ ਅਮਲੀ ਬੋਲਿਆ।

"ਸੋਲ੍ਹਾਂ ਆਨੇ ਗੱਲ ਕਹੀ ਐ ਅਮਲੀ ਨੇ।"

ਇਕ-ਦੋ ਵਾਰ ਸਾਰਿਆਂ ਨੇ ਆਪਣੇ ਸਿਰ ਹਿਲਾਏ।

ਗਿਆਰਾਂ ਵਜ ਰਹੇ ਸਨ, ਪਰ ਧੁੰਦ ਹਾਲੇ ਵੀ ਖ਼ਤਮ ਨਹੀਂ ਸੀ ਹੋ ਰਹੀ।

"ਛੱਡੋ, ਤੇ ਫੂਕਣ ਦੀ ਕਰੋ। ਇਸ ਦੇ ਕਿਹੜਾ ਕਿਸੇ ਰਿਸ਼ਤੇਦਾਰ ਨੇ ਆਉਣੈਂ।" ਇਕ ਸੇਠ ਬੋਲਿਆ।

ਅਮਲੀ ਨੇ ਹਉਕਾ ਭਰਦਿਆਂ ਕਿਹਾ, "ਗ਼ਰੀਬ ਦਾ ਕੌਣ ਰਿਸ਼ਤੇਦਾਰ ਬਣਦੈ। ਸਾਰੀ ਪੈਸੇ ਦੀ ਖੇਡ ਐ।"

"ਠੀਕ ਐ...ਠੀਕ ਐ।" ਕਈ ਅਵਾਜ਼ਾਂ ਆਈਆਂ।

ਥੋੜੇ ਚਿਰ ਪਿਛੋਂ ਪਾਖਰ ਦਾ ਨੌਕਰ ਅਰਥੀ ਦਾ ਸਾਮਾਨ ਲੈ ਆਇਆ। ਜਦੋਂ ਉਸ ਨੇ ਸਾਮਾਨ ਨੂੰ ਸੜਕ ਤੇ ਰੱਖਿਆ। ਤਾਂ ਪਾਖਰ ਬੋਲਿਆ, "ਲਓ ਬੀ, ਬਣਾਓ ਅਰਥੀ।"

ਪਾਖਰ ਦੀ ਗੱਲ ਸੁਣ ਕੇ ਸਾਰੇ ਇਕ ਦੂਜੇ ਵੱਲ ਵੇਖਣ ਲੱਗੇ।

ਕਿੰਨਾਂ ਚਿਰ ਸਾਰੇ ਚੁੱਪ ਖੜੋਤੇ ਰਹੇ।

"ਦੇਖਦੇ ਕੀ ਹੋ। ਕਰੋ ਸ਼ੁਰੂ।" ਅਮਲੀ ਨੇ ਕਿਹਾ।

ਭੀੜ ਦੀਆਂ ਨਜ਼ਰਾਂ ਫੇਰ ਇਕ ਦੂਜੀ ਨਾਲ ਮਿਲੀਆਂ। ਤੇ ਕੁਝ ਲੋਕਾਂ ਨੇ ਆਪਣੇ ਨੱਕ ਚੌੜੇ ਕੀਤੇ। ਤੇ ਬੁੱਲ੍ਹ ਟੇਰਦੇ ਹੋਏ, ਉਥੋਂ ਤੁਰ ਪਏ।

ਹੁਣ ਬੁੜਬੁੜਾਉਂਦਾ ਅਮਲੀ ਅੱਗੇ ਆਇਆ। ਤੇ ਸੜਕ ਤੇ ਪਏ ਬਾਂਸਾਂ ਕੋਲ ਬਹਿ ਗਿਆ। ਉਹ ਹਾਲੇ ਬੈਠਿਆ ਹੀ ਸੀ, ਕਿ ਚੇਤ ਰਾਮ ਹਲਵਾਈ ਦੀ ਦੁਕਾਨ ਵਿਚੋਂ ਇਕ ਮਰੀਅਲ ਜਿਹਾ ਨੌਕਰ ਨਿਕਲਿਆ, ਤੇ ਸਿੱਧਾ ਅਮਲੀ ਵੱਲ ਹੋ ਤੁਰਿਆ। ਨੌਕਰ ਦਾ ਲੀਰਾਂਦਾਰ ਪਾਜਾਮਾ, ਉਸ ਦੇ ਗਿੱਟਿਆਂ ਤੋਂ ਗਿੱਠ ਕੁ ਉੱਚਾ ਸੀ। ਤੇ ਇਕ ਲੰਮੇ ਸਾਰੇ ਕੁੜਤੇ ਉਤੇ, ਬਾਹਾਂ ਤੋਂ ਬਗੈਰ, ਲੀਰਾਂ ਲੀਰਾਂ ਹੋਈ ਉਸ ਨੇ, ਕਿਸੇ ਫ਼ੌਜੀ ਦੀ ਪੁਰਾਣੀ ਜਰਸੀ ਫਸਾ ਰੱਖੀ ਸੀ।

ਅਮਲੀ ਨੇ ਗਰੀਬੂ ਨੂੰ ਵੇਖਿਆ, ਤੇ ਕਿਹਾ, "ਆ ਗਿਆ ਗਰੀਬੂ।"

ਗਰੀਬੂ ਨੇ ਹਾਂ ਵਿਚ ਆਪਣਾ ਸਿਰ ਝਟਕਿਆ, ਤੇ ਹੱਥ ਮਲਦਾ ਮਲਦਾ, ਅਮਲੀ ਦੇ ਨੇੜੇ ਹੀ ਬਹਿ ਗਿਆ। ਫੇਰ ਉਸ ਨੇ ਬਾਂਸਾਂ ਨਜ਼ਦੀਕ ਪਏ ਝੋਲੇ ਵਿਚ ਆਪਣਾ ਹੱਥ ਪਾਇਆ, ਤੇ ਉਸ ਵਿਚੋਂ ਸੂਤਲੀ ਦੀਆਂ ਦੋ ਗੁੱਛੀਆਂ ਕੱਢ ਕੇ, ਉਨ੍ਹਾਂ ਨੂੰ ਆਹਿਸਤਾ-ਆਹਿਸਤਾ ਸੁਲਝਾਉਣ ਲੱਗਾ।

"ਵਿਚਾਰੇ ਦੇ ਹੱਥ ਵੇਖੋ, ਕਿਵੇਂ ਸਾਰਾ ਦਿਨ ਭਾਂਡੇ ਸਾਫ਼ ਕਰਦਿਆਂ ਖ਼ਰਾਬ ਹੋ ਗਏ ਨੇ।" ਭੀੜ ਵਿਚ ਖੜੇ ਇਕ ਆਦਮੀ ਨੇ ਗਰੀਬੂ ਦੇ ਹੱਥਾਂ ਵੱਲ ਇਸ਼ਾਰਾ ਕਰ ਕੇ ਕਿਹਾ।

ਤੇ ਫੇਰ ਸਾਰੇ ਗਰੀਬੂ ਵੱਲ ਵੇਖਣ ਲੱਗੇ। ਗਰੀਬੂ ਦੇ ਹੱਥ ਬਿਲਕੁਲ ਸਫ਼ੈਦ ਹੋਏ ਪਏ ਸਨ। ਉਸ ਦੇ ਹੱਥਾਂ ਉੱਪਰਲਾ ਮਾਸ, ਭਾਂਡੇ ਸਾਫ਼ ਕਰਦਿਆਂ ਕਰਦਿਆਂ, ਕਿਤੇ ਦਾ ਕਿਤੇ ਉੱਡ ਗਿਆ ਲੱਗਦਾ ਸੀ। ਤੇ ਉਨ੍ਹਾਂ ਹੱਥਾਂ ਅੰਦਰਲੀ ਚਰਬੀ ਬਾਹਰ ਨਿਕਲ ਆਈ ਸੀ।

ਗਰੀਬੂ ਦੇ ਰਾਧ ਭਰੇ ਹੱਥ ਵੇਖ ਕੇ, ਸਾਰਿਆਂ ਨੂੰ ਜਿਵੇਂ ਕਚਿਆਣ ਆ ਗਈ।

"ਇਹ ਹਲਵਾਈ ਥੋੜਾ ਨੇ। ਕਸਾਈ ਨੇ ਕਸਾਈ।" ਇਕ ਬਾਬੂ ਓਵਰ ਕੋਟ ਦੀਆਂ ਲੰਮੀਆਂ ਜੇਬਾਂ ਵਿਚ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਘੁੱਟਦਿਆਂ ਬੋਲਿਆ।

"ਹਲਵਾਈ ਤਾਂ ਨੌਕਰਾਂ ਤੋਂ ਕੰਮ ਲੈਣਾ ਜਾਣਦੇ ਹਨ। ਇਨ੍ਹਾਂ ਨੂੰ ਕੁਝ ਦੇਣਾ ਨਹੀਂ।" ਇਕ ਬੰਦੇ ਨੇ ਭਾਰੇ ਕੰਬਲ ਨੂੰ ਉਪਰ ਪੂਰੀ ਤਰ੍ਹਾਂ ਲਪੇਟਦਿਆਂ ਕਿਹਾ।

"ਤੁਸੀਂ ਹੀ ਦੱਸੋ, ਇਹ ਹੋਟਲਾਂ 'ਚ ਭਾਂਡੇ ਸਾਫ਼ ਕਰਨ ਵਾਲੇ ਕਿਹੜੀ ਪਾਰਟੀ 'ਚ ਜਾ ਕੇ ਰਲਣ। ਨਾ ਇਹ ਜਲੂਸ ਕੱਢ ਸਕਦੇ ਹਨ। ਤੇ ਨਾ ਹੀ ਕੋਈ ਅੰਦੋਲਨ ਕਰ ਸਕਦੇ ਹਨ।" ਇਕ ਨੌਜਵਾਨ ਦੀ; ਜਿਸ ਨੇ ਆਪਣੇ ਇਕ ਹੱਥ ਵਿਚ ਦੋ-ਤਿੰਨ ਕਿਤਾਬਾਂ ਫੜ ਰੱਖੀਆਂ ਸਨ, ਬੜੀ ਸਖ਼ਤ ਆਵਾਜ਼ ਸਾਰਿਆਂ ਨੂੰ ਸੁਣਾਈ ਦਿਤੀ।

ਇਕ-ਦਮ ਭੀੜ ਵਿਚ ਖ਼ਾਮੋਸ਼ੀ ਛਾ ਗਈ।

ਕਿਸੇ ਵਿਚ ਵੀ ਹਿੰਮਤ ਨਹੀਂ ਸੀ, ਕਿ ਉਹ ਨੌਜਵਾਨ ਦੇ ਸਵਾਲ ਦਾ ਜੁਆਬ ਦੇ ਸਕੇ।

ਗਰੀਬੂ ਤੇ ਅਮਲੀ ਪੌੜੀ ਤਿਆਰ ਕਰਨ ਵਿਚ ਰੁੱਝੇ ਪਏ ਸਨ। ਸੂਤਲੀ ਨਾਲ ਡੰਡਿਆਂ ਨੂੰ ਬੰਨ੍ਹਦਿਆਂ, ਗਰੀਬੂ ਦੀ ਵੱਡੀ ਉਂਗਲ ਵਿਚੋਂ ਲਹੂ ਨਿਕਲ ਆਇਆ ਸੀ। ਉਹ ਖ਼ਾਸ ਉੱਤੇ ਬਿਲਕੁਲ ਝੁਕਿਆ ਪਿਆ ਸੀ। ਤੇ ਲਹੂ ਲਗਾਤਾਰ ਉਸ ਦੀ ਉਂਗਲ ਵਿਚੋਂ ਵਗ ਰਿਹਾ ਸੀ।

ਤੇ ਅਚਾਨਕ ਭਿੰਨੀ ਭਿੰਨੀ ਖ਼ੁਸ਼ਬੂ ਚਾਰੇ ਪਾਸੇ ਖਿੰਡ ਗਈ। ਭੀੜ ਦੀਆਂ ਗਰਦਨਾਂ ਪਾਖਰ ਦੇ ਢਾਬੇ ਵੱਲ ਮੁੜ ਗਈਆਂ ਪਾਖਰ ਅੰਗੀਠੀ ਉਤੇ ਰੱਖੇ ਵੱਡੇ ਪਤੀਲੇ ਵਿਚ, ਬੜੀ ਕਾਹਲੀ ਨਾਲ ਕੜਛੀ ਫੇਰ ਰਿਹਾ ਸੀ।

ਕਿੰਨਾਂ ਚਿਰ ਲੋਕ ਗੁੱਸੇ ਭਰੀਆਂ ਨਜ਼ਰਾਂ ਨਾਲ ਪਾਖਰ ਵੱਲ ਵੇਖਦੇ ਰਹੇ। ਪਰ ਮੂੰਹੋਂ ਕੋਈ ਕੁਝ ਨਾ ਬੋਲਿਆ।

ਕਾਫ਼ੀ ਚਿਰ ਪਤੀਲੇ ਵਿਚ ਮਸਾਲਾ ਰਿੱਝਦਾ ਰਿਹਾ। ਤੇ ਸਬਜ਼ੀ।

"ਨਵ੍ਹਾਂ'ਤਾ ਕਿ ਨਹੀਂ?" ਇਕ ਬੰਦੇ ਨੇ ਜ਼ਰਾ ਕੁ ਝੁੱਕ ਕੇ ਅਮਲੀ ਤੋਂ ਪੁੱਛਿਆ।

ਅਮਲੀ ਨੇ ਉਸ ਬੰਦੇ ਵਲ ਬੜੀ ਹੈਰਾਨੀ ਨਾਲ ਵੇਖਿਆ, ਤੇ ਫੇਰ ਬੜੀ ਕੁਹੱਪਣ ਆਵਾਜ਼ ਵਿਚ ਉੱਤਰ ਦਿਤਾ, "ਨਹੀਂ।"

ਬੰਦਾ ਚੁੱਪ ਕਰ ਗਿਆ। ਤੇ ਅਗੋਂ ਕੁਝ ਨਾ ਬੋਲਿਆ।

ਲੋਕ ਘੁਸਰ-ਮੁਸਰ ਕਰਨ ਲੱਗੇ:

"ਤੇ ਫੇਰ ਹੁਣ ਦੇਰ ਕਾਹਦੀ ਐ।"

"ਲੱਕੜਾਂ ਨੂੰ ਕੋਈ ਗਿਐ, ਕਿ ਨਹੀਂ।"

"ਲੱਕੜਾਂ ਦੇਖ ਕੇ ਲੈਣੀਆਂ ਚਾਹਦੀਆਂ ਹਨ। ਟਾਲ ਵਾਲੇ ਬੜੇ ਚਲਾਕ ਹਨ। ਹਮੇਸ਼ਾ ਫੂਕਣ ਲਈ ਗਿੱਲੀਆਂ ਲੱਕੜਾਂ ਦਿੰਦੇ ਹਨ।"

"ਜਾ ਕੇ ਪਾਖਰ ਨੂੰ ਪੁੱਛੋ, ਬਈ ਟਾਲ ਤੇ ਕਿਸ ਨੂੰ ਭੇਜਿਐ।"

ਤੇ ਫੇਰ ਇਕ ਬੰਦਾ ਢਾਬੇ ਦੇ ਅੰਦਰ ਗਿਆ।

ਪਾਖਰ ਤੰਦੂਰ ਤੇ ਬੈਠਾ ਪੇੜੇ ਬਣਾਉਣ ਵਿਚ ਰੁੱਝਾ ਪਿਆ ਸੀ।

"ਕਿਉਂ ਪਾਖਰਾ, ਟਾਲ ਤੇ ਕਿਸ ਨੂੰ ਭੇਜਿਆ?" ਉਸ ਬੰਦੇ ਨੇ ਪੁੱਛਿਆ।

ਪਾਖਰ ਲਗਾਤਾਰ ਪੇੜੇ ਬਣਾਉਂਦਾ ਰਿਹਾ। ਜਿਵੇਂ ਉਸ ਨੂੰ ਕੋਲ ਖੜੇ ਬੰਦੇ ਦੀ ਆਵਾਜ਼ ਬਿਲਕੁਲ ਸੁਣਾਈ ਨਾ ਦਿਤੀ ਹੋਵੇ।

"ਮੈਂ ਕਿਹੈ, ਕਿਸ ਨੂੰ ਭੇਜਿਐ ਟਾਲ ਤੇ?" ਉਸ ਬੰਦੇ ਨੇ ਹੁਣ ਆਪਣਾ ਮੂੰਹ, ਪਾਖਰ ਦੇ ਇਕ ਕੰਨ ਦੇ

ਬਿਲਕੁਲ ਨੇੜੇ ਕਰ ਕੇ ਜ਼ਰਾ ਉੱਚੀ ਕਿਹਾ।

ਪਾਖਰ ਨੇ ਉਸ ਬੰਦੇ ਵੱਲ ਆਪਣੀਆਂ ਪੂਰੀਆਂ ਅੱਖਾਂ ਖੋਹਲੀਆਂ ਤੇ ਹਰਖ ਕੇ ਬੋਲਿਆ, "ਕਿਸੇ ਨੂੰ ਨਹੀਂ।"

"ਕਿਸੇ ਨੂੰ ਨਹੀਂ।" ਬੰਦਾ ਹੈਰਾਨ ਹੋ ਗਿਆ।

"ਹਾਂ, ਕਹਿ ਜੁ ਦਿਤੈ, ਕਿਸੇ ਨੂੰ ਨਹੀਂ ਭੇਜਿਆ।" ਪੇੜੇ ਨੂੰ ਪੋਣੇ ਤੇ ਰੱਖ ਕੇ, ਉਸ ਨੇ ਹੱਥ ਮਸਲੇ। "ਇਹ ਸਾਰਾ ਕੰਮ ਸੇਵਾ-ਸੰਮਤੀ ਵਾਲਿਆਂ ਨੇ ਕਰਨੈ।... ਪਰ ਅੱਜ ਰਾਤ ਅਮਰ ਵਾਂਗ, ਤਿੰਨ ਹੋਰ ਬੰਦੇ ਠੰਡ ਨਾਲ ਮਰ ਗਏ ਨੇ। ਕਰਮੂ ਨੂੰ ਸੇਵਾ-ਸੰਮਤੀ ਦੇ ਪ੍ਰਧਾਨ ਨੇ ਕਿਹੈ, ਪਹਿਲਾਂ ਉਹ ਤਿੰਨ ਲਾਸ਼ਾਂ ਫੂਕਣਗੇ। ਤੇ ਫੇਰ...।"

"ਤਿੰਨ ਹੋਰ!" ਪਾਖਰ ਦੇ ਕੋਲ ਖੜੇ ਬੰਦੇ ਦਾ ਮੂੰਹ ਅੱਡਿਆ ਹੀ ਰਹਿ ਗਿਆ।

"ਬੜਾ ਘਾਬਰ ਗਿਐਂ। ਠੰਡ ਤਾਂ ਦੇਖ ਕਿੰਨੀ ਪੈ ਰਹੀ ਹੈ। ਜਿਉਂਦੇ ਰਹਿਣ ਸੰਮਤੀ ਵਾਲੇ। ਨਹੀਂ ਤਾਂ ਮੇਰੇ ਵਰਗੇ ਗ਼ਰੀਬ ਲਈ ਲਾਸ਼ ਫੂਕਣੀ ਵੀ ਬਹੁਤ ਮੁਸ਼ਕਲ ਹੈ...।"

ਦੋ ਗਾਹਕਾਂ ਨੂੰ ਢਾਬੇ ਵੱਲ ਆਉਂਦਿਆਂ ਵੇਖ ਕੇ, ਪਾਖਰ ਗੱਲਾਂ ਕਰਦਾ ਕਰਦਾ ਰੁੱਕਿਆ। ਤੇ ਇਕ ਪੇੜੇ ਨੂੰ ਉਂਗਲਾਂ ਤੇ ਧਰ ਕੇ, ਜ਼ੋਰ ਜ਼ੋਰ ਦੀ ਪਟਾਕੇ ਮਾਰਨ ਲੱਗਾ।

ਭੀੜ ਨੇ ਇਕ ਵਾਰ ਫੇਰ ਤੰਦੂਰ ਤੇ ਬੈਠੇ ਪਾਖਰ ਵੱਲ ਘੂਰ ਕੇ ਵੇਖਿਆ।

ਤੇ ਜਦੋਂ ਪੌੜੀ ਬਣ ਕੇ ਤਿਆਰ ਹੋਈ, ਤਾਂ ਇਕ ਬਾਬੂ ਨੇ ਪੁੱਛਿਆ, "ਕਿਸ ਦੀ ਉਡੀਕ ਐ ਹੁਣ ?"

ਸਾਰੇ ਚੁੱਪ ਰਹੇ।

"ਮੇਰੇ ਖ਼ਿਆਲ 'ਚ ਹੁਣ ਇਸ ਨੂੰ ਲੈ ਹੀ ਜਾਣਾ ਚਾਹੀਦੈ। ਮੌਸਮ ਕਦੋਂ ਵੀ ਖ਼ਰਾਬ ਹੋ ਸਕਦੈ।" ਇਕ ਬਜ਼ੁਰਗ ਨੇ ਸਲਾਹ ਦਿਤੀ।

"ਪਰ ਪਾਖਰ ਨੂੰ ਤਾਂ ਉਠਾਓ ਤੰਦੂਰ ਤੋਂ। ਇੰਜ ਕੰਮ ਕਰ ਰਿਹੈ, ਜਿਵੇਂ ਕਿਸੇ ਹੋਰ ਦਾ ਨੌਕਰ ਮਰ ਗਿਆ ਹੋਵੇ। ਹੋਰ ਨਹੀਂ ਤਾਂ ਅੱਜ ਤੰਦੂਰ ਨਾ ਗਰਮ ਕਰਦਾ। ਮਰਨ ਥੋੜਾ ਲੱਗਿਆ ਸੀ।" ਇਕ ਬੰਦੇ ਨੇ ਉੱਚੀ ਕਿਹਾ ਕਿ ਤੰਦੂਰ ਤੇ ਬੈਠੇ ਪਾਖਰ ਨੂੰ ਜ਼ਰੂਰ ਸੁਣ ਜਾਵੇ।

"ਹਾਂ, ਹਾਂ, ਮਰ ਜਾਂਦਾ। ਜੇ ਨਾ ਕਰਦਾ ਗਰਮ ਤੰਦੂਰ ਅੱਜ।" ਪਾਖਰ ਜ਼ੋਰ ਦੀ ਕੜਕਿਆ। "ਪਤੈ, ਕਿੰਨੇ ਜੁਆਕਾਂ ਦਾ ਢਿੱਡ ਭਰਦਾਂ। ਜਦੋਂ ਅਮਰ ਨੂੰ ਚੁੱਕਣ ਦਾ ਵਕਤ ਆਇਆ, ਤਾਂ ਹੋਟਲ ਵੀ ਬੰਦ ਕਰ ਦਿਆਂਗਾ।"

ਪਾਖਰ ਦੀ ਚੀਕਦੀ ਤੇ ਕੁਰੱਖਤ ਆਵਾਜ਼ ਇਕ ਵਾਰ ਤਾਂ ਸਾਰਿਆਂ ਨੂੰ ਸੁੰਨ ਕਰ ਗਈ।

"ਪੌੜੀ ਤਿਆਰ ਹੋ ਗਈ ਹੈ। ਲਾਸ਼ ਨੂੰ ਉੱਪਰ ਰੱਖ ਕੇ ਤੁਰਦੇ ਬਣੋ।" ਬਾਬੂ ਨੇ ਫੇਰ ਕਿਹਾ।

ਪਾਖਰ ਪੂਰੇ ਗੁੱਸੇ ਵਿਚ ਤੰਦੂਰ ਤੋਂ ਉੱਠਿਆ, ਤੇ ਖਿੱਝ ਕੇ ਬੋਲਿਆ, 'ਸਿਵਿਆਂ ਵਿਚ ਜਾ ਕੇ ਵੀ ਤਾਂ ਹੱਥ ਤੇ ਹੱਥ ਰੱਖ ਕੇ ਬੈਠੋਗੇ। ਮੈਂ ਕਿਹੈ, ਪਹਿਲਾਂ ਤਿੰਨ ਲਾਸ਼ਾਂ ਫੂਕਣੀਐ ਸੰਮਤੀ ਵਾਲਿਆਂ ਨੇ। ਫੇਰ ਜਾ ਕੇ ਅਮਰ ਦੀ ਵਾਰੀ ਆਊ।"

ਦੋ-ਤਿੰਨ ਬੰਦਿਆਂ ਨੇ ਫੁਰਤੀ ਨਾਲ ਲਾਸ਼ ਨੂੰ ਚੁੱਕਿਆ, ਤੇ ਪੌੜੀ ਤੇ ਲਿਟਾ ਦਿਤਾ। ਥੋੜੇ ਚਿਰ ਬਾਅਦ ਪਾਖਰ ਜਦੋਂ ਢਾਬੇ ਵਿਚੋਂ ਨਿਕਲਿਆ, ਤਾਂ ਉਸ ਦੇ ਹੱਥ ਵਿਚ ਇਕ ਮੈਲੀ ਤੇ ਪਤਲੀ ਭੂਰੇ ਰੰਗ ਦੀ ਲੋਈ ਸੀ। ਜਿਸ ਨੂੰ ਉਹ ਆਉਂਦਿਆਂ ਹੀ ਲਾਸ਼ ਉਪਰ ਵਿਛਾਉਣ ਲੱਗਾ।

"ਕੋਈ ਨਵਾਂ ਕਪੜਾ ਤਾਂ ਪਾਉਂਦਾ।" ਪਾਖਰ ਦੇ ਇਕ ਗੁਆਂਢੀ ਦੁਕਾਨਦਾਰ ਦੀ ਆਵਾਜ਼ ਆਈ। "ਕਿੰਨੇ ਸਾਲ ਇਹਦੇ ਢਾਬੇ 'ਚ ਭਾਂਡੇ ਮਾਂਜਦਾ ਰਿਹੈ। ਤੇ ਅੱਜ ਮਰਨ ਤੇ, ਉਹੀ ਅਮਰ ਦੀ ਲੋਈ ਉਸ ਉੱਪਰ ਪਾ ਰਿਹੈ। ਆਖ਼ਰ ਮਾਲਕ ਤੇ ਨੌਕਰ ਦਾ ਵੀ ਤਾਂ ਕੋਈ ਰਿਸ਼ਤਾ ਹੁੰਦਾ ਐ।...... ਪਰ ਲੱਖ ਲਾਹਨਤ ਐ, ਅਜਿਹੇ ਬੰਦੇ ਉਤੇ।"

ਪਾਖਰ ਬਿਲਕੁਲ ਨਾ ਬੋਲਿਆ। ਤੇ ਲੋਈ ਨੂੰ ਬੜੀ ਸਾਵਧਾਨੀ ਨਾਲ ਲਾਸ਼ ਉਤੇ ਪਾਉਂਦਾ ਰਿਹਾ।

"ਕੀ ਕਰੇ ਗ਼ਰੀਬ ਐ ਵਿਚਾਰਾ।"

"ਤੁਸੀਂ ਇਹਦੇ ਕਪੜੇ ਤਾਂ ਦੇਖੋ, ਕਿਵੇਂ ਥਾਂ ਥਾਂ ਤੋਂ ਫਟੇ ਪਏ ਨੇ।"

"ਤੇ ਇਹਦੇ ਬੱਚਿਆਂ ਦਾ ਇਸ ਤੋਂ ਵੀ ਬੁਰਾ ਹਾਲ ਐ।"

ਕਈ ਆਵਾਜ਼ਾਂ ਇਕੋ ਵਾਰ ਆਈਆਂ।

ਤੇ ਜਦੋਂ ਥੋੜੀ ਜਿਹੀ ਸ਼ਾਂਤੀ ਹੋਈ, ਤਾਂ ਨੌਜਵਾਨ ਬੋਲਿਆ, "ਨਾਲੇ ਬਾਬਾ ਕਿਹੜਾ ਸਰਕਾਰੀ ਲਾਇਕ ਹੋਟਲ ਐ। ਗ਼ਰੀਬ ਗੁਰਬੇ ਹੀ ਖਾਂਦੇ ਨੇ ਆ ਕੇ ਫੁਲਕੇ ਇਥੇ।" ਤੇ ਫੇਰ ਉਹ ਆਪਣੀਆਂ ਕਿਤਾਬਾਂ ਨੂੰ ਦੂਜੇ ਹੱਥ ਵਿਚ ਬਦਲਦਾ ਹੋਇਆ, ਮੁਸਕਰਾਉਂਦਾ, ਉਥੋਂ ਚਲਾ ਗਿਆ।

ਕਚਹਿਰੀਆਂ ਨੂੰ ਜਾਂਦੇ ਹੋਏ, ਓਵਰ ਕੋਟ ਵਾਲੇ ਬਾਬੂ ਨੇ ਕਿਹਾ, "ਭਾਵੇਂ ਕੁਝ ਵੀ ਹੋਵੇ, ਆਖ਼ਿਰ ਇਸ ਦਾ ਨੌਕਰ ਸੀ। ਕੋਈ ਬਿਗਾਨਾ ਥੋੜਾ ਸੀ।"

ਲੋਕ ਕੁਝ ਤੇ ਕੁਝ ਬੋਲੀ ਜਾ ਰਹੇ ਸਨ। ਤੇ ਪਾਖਰ ਲੋਈ ਨੂੰ ਬਾਂਸ ਦੇ ਡੰਡਿਆਂ ਨਾਲ ਬੰਨ੍ਹੀ ਜਾ ਰਿਹਾ ਸੀ। ਤੇ ਫੇਰ ਲੋਈ ਨੂੰ ਚਾਰੇ ਪਾਸੇ ਚੰਗੀ ਤਰ੍ਹਾਂ ਬੰਨ੍ਹ ਕੇ, ਪਾਖਰ ਲਾਸ਼ ਦੇ ਪੈਰਾਂ ਵਲ ਗਿਆ, ਤੇ ਝੁਕ ਕੇ, ਬਾਂਸ ਦੇ ਇਕ ਡੰਡੇ ਨੂੰ ਆਪਣੇ ਹੱਥਾਂ ਵਿਚ ਘੁਟ ਲਿਆ।

"ਚਲੋ, ਚੁਕੋ।" ਪਾਖਰ ਦੀ ਰੋਣ-ਹਾਕੀ ਆਵਾਜ਼ ਆਈ।

ਗਰੀਬੂ ਅਗੇ ਵਧਿਆ, ਤੇ ਪਾਖਰ ਦੇ ਨਾਲ ਵਾਲੇ ਡੰਡੇ ਤੇ ਝੁਕ ਗਿਆ।

ਲਾਸ਼ ਦੇ ਸਿਰ ਵਾਲੇ ਦੋਵੇਂ ਡੰਡੇ ਹਾਲੇ ਤਕ ਖ਼ਾਲੀ ਸਨ।

ਕੁਝ ਦੇਰ ਬਾਅਦ, ਪਾਖਰ ਨੇ ਥੋੜਾ ਜਿੰਨਾ ਆਪਣਾ ਮੂੰਹ ਉਪਰ ਕੀਤਾ, ਤੇ ਦੇਖਿਆ, ਦੋ-ਤਿੰਨ ਬੰਦਿਆਂ ਤੋਂ ਸਿਵਾਏ, ਬਾਕੀ ਸਾਰੇ ਉਥੋਂ ਜਾ ਚੁਕੇ ਸਨ। ਤੇ ਅਮਲੀ ਇਕ ਪਾਸੇ ਖੜਾ, ਆਪਣੀ ਪੂਰੀ ਆਵਾਜ਼ ਵਿਚ ਕਿਸੇ ਨੂੰ ਆਵਾਜ਼ਾਂ ਮਾਰ ਰਿਹਾ ਸੀ।

ਹੁਣ ਕਰਮੂ ਤੇ ਉਸ ਨਾਲ ਇਕ ਮੁਰਦਾ ਜਿਹਾ ਬੰਦਾ ਅਰਥੀ ਕੋਲ ਆਏ, ਤੇ ਆਉਂਦਿਆਂ ਹੀ ਉਨ੍ਹਾਂ ਦੋਵਾਂ ਨੇ, ਲਾਸ਼ ਦੇ ਸਿਰ ਵਾਲੇ ਡੰਡਿਆਂ ਨੂੰ ਹੱਥ ਪਾ ਲਏ। ਤੇ ਫੇਰ ਅਰਥੀ ਚਹੁੰਆਂ ਦੇ ਮੋਢਿਆਂ ਉਤੇ ਸੀ।

ਸਿਵਿਆਂ ਦੇ ਅੱਧ ਤਕ ਚਾਰੇ ਆਦਮੀਆਂ ਦੇ ਮੋਢੇ ਪੂਰੀ ਤਰ੍ਹਾਂ ਥਕ ਗਏ ਸਨ। ਉਨ੍ਹਾਂ ਨੂੰ ਸਹਾਰਾ ਦੁਵਾਉਣ ਵਾਲਾ, ਹੋਰ ਕੋਈ ਵੀ ਅਰਥੀ ਦੇ ਨਾਲ ਨਾਲ ਨਹੀਂ ਸੀ ਤੁਰ ਰਿਹਾ।

( ਬਾਕੀ ਸਫ਼ਾ 32 )

# ਇਕ ਲੂਣ ਹੋਰ

ਸ਼ਮਸ਼ੇਰ ਸਿੰਘ ਸੰਧੂ

ਘੋਗਾ ਉਮਰ ਦੇ ਪੱਖੋਂ ਮੈਥੋਂ ਭਾਵੇਂ ਵਡਾ ਹੀ ਸੀ, ਪਰ ਅਸੀਂ ਉਠਦੇ ਬੈਠਦੇ ਇਕਠੇ ਸਾਂ। ਸਾਡੀ ਦੋਨਾਂ ਘਰਾਂ ਦੀ ਸਾਂਝੀ ਕੰਧ ਸੀ ਬਣਦੀ ਵੀ ਬੜੀ ਸੀ। ਦਸਵੀਂ ਕਰਨ ਪਿਛੋਂ ਘੋਗਾ ਖੇਤੀ ਕਰਨ ਲਗ ਪਿਆ। ਜਦੋਂ ਉਹਦਾ ਵਿਆਹ ਹੋਇਆ, ਮੈਂ ਮਸਾਂ ਬਾਰਾਂ ਕੁ ਸਾਲ ਦਾ ਸੀ।

ਘੋਗੇ ਦੀ ਵਹੁਟੀ ਅਨਪੜ੍ਹ ਸੀ, ਪਰ ਸੁਚਜੀ ਸੀ। ਪਿੰਡ ਦੀਆਂ ਔਰਤਾਂ ਉਹਦੀ ਮਾਂ ਨੂੰ ਸੋਹਣੀ ਤੇ ਸੁਘੜ ਨੂੰਹ ਦੀਆਂ ਵਧਾਈਆਂ ਦਿੰਦੀਆਂ ਨਾ ਥਕਦੀਆਂ।

ਮਾਸੀ ਮੈਨੂੰ ਘੋਗੇ ਨਾਲੋਂ ਘਟ ਪਿਆਰ ਨਹੀਂ ਸੀ ਕਰਦੀ। ਦੋ ਸਾਲ ਹੋਏ ਘੋਗੇ ਦਾ ਪਿਓ ਪਿੰਡ ਵਿਚ ਹੀ ਦੋ ਧੜਿਆਂ ਦੀ ਲੜਾਈ 'ਚ ਅਚਾਨਕ ਮਰ ਗਿਆ ਸੀ। ਗੱਲ ਇਉਂ ਹੋਈ ਕਿ ਛਡਾਉਂਦਿਆਂ ਛਡਾਉਂਦਿਆਂ ਸੇਲਾ ਉਹਦੀ ਹੀ ਵਖੀ 'ਚ ਧੁਸ ਗਿਆ। ਇਲਾਜਾਂ ਦੀ ਕਸਰ ਨਾ ਛਡੀ। ਪਰ ਕਈ ਮਹੀਨੇ ਮੰਜੇ ਤੇ ਪੈਣ ਪਿਛੋਂ ਉਹ ਮੰਜਾ ਵਿਹਲਾ ਕਰ ਗਿਆ। ਪਰ ਮੇਰਾ ਤੇ ਘੋਗੇ ਦਾ ਪਿਆਰ ਸਕਿਆਂ ਭਰਾਵਾਂ ਵਾਲਾ-ਸੀ। ਬਹੁਤੀ ਵਾਰੀ ਮੈਂ ਗੱਲਾਂ ਮਾਰਦਿਆਂ ਉਹਨਾਂ ਦੇ ਘਰ ਹੀ ਰੋਟੀ ਖਾ ਕੇ ਸੌਂ ਜਾਂਦਾ।

ਘੋਗੇ ਦੀ ਵਹੁਟੀ ਦਿਉਰ ਹੋਣ ਦੇ ਨਾਤੇ ਮੈਨੂੰ ਛੇੜਦੀ ਰਹਿੰਦੀ। ਭਾਬੀ ਨਾਲ ਮਿਠੀਆਂ ਮਿਠੀਆਂ ਮਸ਼ਕਰੀਆਂ ਕਰਨ ਦਾ ਮੈਨੂੰ ਵੀ ਠਰਕ ਪੈ ਗਿਆ ਸੀ। ਪਰ ਭਾਬੀ ਜ਼ਬਾਨ ਚਲਾਉਣ 'ਚ ਮੈਥੋਂ ਵਾਧੂ ਸੀ। ਇਕ ਦਿਨ ਮੈਂ ਘੋਗੇ ਨਾਲ ਮਿਲਕੇ ਭਾਬੀ ਦੀ ਦੁਪਹਿਰੇ ਸੁਤੀ ਪਈ ਦੀ ਗੁੱਤ ਮੰਜੇ ਦੇ ਪਾਵੇ ਨਾਲ ਬੰਨ੍ਹ ਦਿਤੀ। ਜਦ ਸੁਤੀ ਉਠੀ ਤਾਂ ਝਟਕਾ ਪਿਆ। ਭਾਬੀ ਠਿਠ ਹੋ ਗਈ।

ਇਕ ਰਾਤ ਘੋਗਾ ਤੇ ਮੈਂ ਇਕੱਠੇ ਰੋਟੀ ਖਾਣ ਲੱਗੇ ਤਾਂ ਉਹ ਬੋਲੀ, 'ਠਹਿਰੋ ਮੈਂ ਸ਼ਕਰ ਘਿਉ ਲਿਆਉਨੀ ਆਂ। ਮੈਂ ਹੈਰਾਨ ਸਾਂ ਕਿ ਅੱਗੇ ਤਾਂ ਕਦੇ ਸੁਲ੍ਹਾ ਵੀ ਨਹੀਂ ਮਾਰੀ, ਅਜ ਕਿਵੇਂ ਦਿਆਲ ਹੋ ਗਈ। ਤਰੋ ਦੋ ਕੋਲੀਆਂ ਟਿਕਾ ਦਿਤੀਆਂ। ਪਹਿਲੀ ਬੁਰਕੀ ਮੂੰਹ 'ਚ ਪਾਈ ਤਾਂ ਮੂੰਹ ਕੌੜਾ ਕੌੜਾ ਹੋ ਗਿਆ। ਮੈਂ ਬੁਰਕੀ ਥੁਕ ਦਿਤੀ। ਹਨੇਰੇ 'ਚ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਉਠ ਕੇ ਮੈਂ ਲਾਲਟੈਨ ਦੇ ਨੇੜੇ ਕੋਲੀ ਕੀਤੀ ਤਾਂ ਦੇਖਿਆ ਪਸ਼ੂਆਂ ਨੂੰ ਪਾਉਣ ਵਾਲੀ ਖਲ ਨੂੰ ਚੂਰ ਕੇ ਉਤੇ ਘਿਉ ਪਾਇਆ ਹੋਇਆ ਸੀ। ਮੈਂ ਭਾਬੀ ਵਲ ਦੇਖਿਆ, ਉਹਦਾ ਹਾਸਾ ਵਖੀਆਂ ਥਾਣੀਂ ਫੁਟ ਪਿਆ। ਉਧਰ ਘੋਗੇ ਦਾ ਹਾਸਾ ਨਾ ਰੁਕੇ। ਮੈਂ ਗੱਲ ਨੂੰ ਹਾਸੇ 'ਚ ਟਾਲਦਿਆਂ ਕਿਹਾ, 'ਭਾਬੀ ਅਜ ਤਾਂ ਮੋੜਿਆਂ ਤੋਂ ਦੀ ਪੈ ਗਈ।' ਭਾਬੀ ਬੋਲੀ 'ਓਦਣ ਗੁੱਤ ਬੰਨੀ ਸੀ ਨਾ, ਅਜ ਹਿਸਾਬ ਬਰਾਬਰ ਹੋ ਗਿਆ।' ਘੋਗੇ ਨੇ ਵੀ ਗੱਲ ਕਢ ਮਾਰੀ 'ਦੇਖ ਲੈ ਗਰੇਵਾਲਾਂ ਦੀਆਂ ਕੁੜੀਆਂ ਇੱਕੀਆਂ ਦੇ ਥਾਂ ਕੱਤੀ ਪਾਉਂਦੀਆਂ। ਦੂਣੀ ਭਾਜੀ ਮੋੜਦੀ ਬਈ।'

ਇਕ, ਦੋ ਤੇ ਤਿੰਨ ਸਾਲ ਇਸੇ ਤਰ੍ਹਾਂ ਲੰਘ ਗਏ। ਭਾਬੀ ਦੀ ਗੋਦ ਵਿਚ ਇਕ ਬੱਚੇ ਨੇ ਜਨਮ ਲਿਆ। ਮੁੰਡਾ ਮਾਂ ਨਾਲੋਂ ਵੀ ਵਧ ਸੋਹਣਾ ਸੀ। ਘੋਗੇ ਨੇ ਮੇਰੇ ਕਹਿਣ ਤੇ ਮੁੰਡੇ ਦਾ ਨਾਂ 'ਅਪਰ' ਰਖ ਦਿਤਾ। ਬਾਅਦ ਵਿਚ ਸਾਰੇ 'ਅੱਪਾ' 'ਅੱਪਾ' ਕਹਿਣ ਲਗ ਪਏ।

ਘੋਗੇ ਨੂੰ ਖੇਤੀ ਚੋਂ ਬਚਦਾ ਕੁਝ ਨਹੀਂ ਸੀ। ਬਸ ਖੂਹ ਦੀ ਮਿੱਟੀ ਖੂਹ 'ਚ ਪਈ ਜਾਂਦੀ ਸੀ। ਮੈਂ ਘੋਗੇ ਨੂੰ ਮਨਾ ਲਿਆ ਕਿ ਉਹ ਇੰਗਲੈਂਡ ਚਲਾ ਜਾਏ। ਭਾਬੀ ਤੇ ਮਾਸੀ ਨੇ ਰਖਣ ਲਈ ਬਥੇਰਾ ਜ਼ੋਰ ਲਾਇਆ, ਪਰ ਉਹ ਮੰਨਿਆ ਨਾ। ਉਹਨੀਂ ਦਿਨੀਂ ਇੰਗਲੈਂਡ ਜਾਣ ਦੀ ਆਮ ਖੁਲ੍ਹ ਸੀ। ਤਿੰਨਾਂ ਮਹੀਨਿਆਂ 'ਚ ਘੋਗਾ ਇੰਗਲੈਂਡ ਪੁਜ ਗਿਆ। ਭੂਆ ਦੇ ਮੁੰਡੇ ਨੇ ਜਾਣ ਸਾਰ ਕੰਮ ਤੇ ਲੁਆ ਦਿਤਾ।

ਸਕੂਲ ਦੀ ਪੜ੍ਹਾਈ ਖਤਮ ਕਰ ਕੇ ਮੈਂ ਸਿਧਵਾਂ ਬੇਟ ਦਾਖਲਾ ਲੈ ਲਿਆ ਕਾਲਜ ਪਿੰਡੋਂ ਨੇੜੇ ਹੀ ਪੈਂਦਾ ਸੀ। ਦੋ ਕੁ ਹਫਤਿਆਂ ਪਿਛੋਂ ਘੋਗੇ ਦੀ ਚਿਠੀ ਆਈ। ਭਾਬੀ ਨੇ ਕੰਧ ਤੋਂ ਦੀ ਆਵਾਜ਼ ਮਾਰ ਕੇ ਸੱਦ ਲਿਆ। ਚਿੱਠੀ ਸੁਣ ਕੇ ਭਾਬੀ ਤੇ ਮਾਸੀ ਦੀਆਂ ਅੱਖਾਂ ਭਰ ਆਈਆਂ। ਮੇਰੀਆਂ ਅੱਖਾਂ ਦਾ ਸਿਲ੍ਹੀਆਂ ਹੋਣਾ ਸੁਭਾਵਕ ਗੱਲ ਸੀ।

ਉਨ੍ਹਾਂ ਦੇ ਘਰ ਆਉਣਾ ਜਾਣਾ ਅਗੇ ਨਾਲੋਂ ਘਟ ਗਿਆ। ਬਸ ਚਿਠੀ ਪੜ੍ਹਾਉਣ ਵੇਲੇ ਭਾਬੀ ਕੰਧ ਉਤੋਂ ਦੀ ਆਵਾਜ਼ ਮਾਰ ਲੈਂਦੀ। ਘੋਗੇ ਨੂੰ ਸਾਲ ਤੋਂ ਉਤੇ ਹੋ ਗਿਆ ਸੀ। ਭਾਵੇਂ ਇਕ ਬੰਦੇ ਹਥ ਉਹ ਨੇ ਕੁਝ ਰਕਮ ਭੇਜ ਦਿਤੀ ਸੀ। ਪਰ ਭਾਬੀ ਤੇ ਮਾਸੀ ਪਿਛੋਂ ਬੜਾ ਵੈਰਾਗ ਕਰਦੀਆਂ। ਭਾਬੀ ਨੂੰ, ਜਿਹੜੀ ਸੂਰਜ ਵਾਂਗ ਭਾ ਮਾਰਦੀ ਸੀ, ਹੁਣ ਨਾ ਖਾਣ ਦੀ ਸੁਰਤ ਸੀ ਤੇ ਨਾ ਪਹਿਨਣ ਦੀ। ਮਾਸੀ ਇਕਲੇ ਪੁਤ ਨੂੰ ਭੇਜ ਕੇ ਅਧੀ ਰਹਿ ਗਈ ਸੀ।

ਅਜ ਦੁਪਹਿਰੇ ਕਾਲਜ ਤੋਂ ਵਾਪਸ ਆਉਂਦਿਆਂ ਮੈਨੂੰ ਦੇਖਕੇ, ਉਹ ਖੇਤੋਂ ਆਉਂਦੀ ਖੜੋ ਗਈ। ਮੈਂ ਕੋਲ ਪੁਜਾ ਤਾਂ ਹਸ ਕੇ ਬੋਲੀ—'ਦਿਓਰਾ ਚਿੱਠੀ ਆਈ ਪਈ ਆ, ਆ ਜਾ ਹੁਣ ਈ।

'ਬਸ ਆਇਆ, ਭਾਬੀ ਸਾਈਕਲ ਖੜ੍ਹਾ ਕੇ।' ਕਹਿ ਕੇ ਮੈਂ ਅੱਗੇ ਲੰਘ ਗਿਆ, ਪਰ ਮੈਂ ਹੈਰਾਨ ਸਾਂ ਕਿ ਡਾਕ ਤਾਂ ਅਜੇ ਆਈ ਨਹੀਂ। ਸਾਈਕਲ ਬਾਹਰਲੇ ਵਿਹੜੇ ਖੜ੍ਹਾ ਕਰਕੇ ਮੈਂ ਉਧਰ ਨੂੰ ਤੁਰ ਪਿਆ।

'ਭਾਬੀ ਮਾਸੀ ਨਈਂ ਦਿਸਦੀ ਕਿਤੇ ?' ਮੈਂ ਵਿਹੜੇ 'ਚ ਜਾ ਕੇ ਪੁਛਿਆ 'ਖੇਤ ਮੰਗਲ ਹੋਰੀਂ ਛਲੀਆਂ ਕਢਦੇ ਆ, ਉਹਨਾਂ ਕੋਲ ਬੈਠੀ ਏ, ਅਪਾ ਵੀ ਉਥੇ ਬੈਠਾ ਖੇਡਦਾ।'

'ਲਿਆ ਚਿੱਠੀ ਪੜ੍ਹਾਂ। ਦੇਖੀਏ ਬਾਈ ਕੀ ਲਿਖਦੈ।'

'ਮੈਂ ਪਹਿਲਾਂ ਬਾਹਰਲਾ ਕੁੰਡਾ ਲਾ ਆਵਾਂ। ਪਿੰਡ ਵਿਚ ਮੰਗਤੇ ਫਿਰਦੇ ਆ। ਹੁਣੇ ਆ ਵੜਨਗੇ। ਕੁੰਡਾ ਬੰਦ ਕਰਕੇ ਉਹ ਵਾਪਸ ਮੁੜੀ, 'ਆ ਜਾ, ਬੈਠਕ ਵਿਚ ਪਈ ਆ ਚਿਠੀ।'

ਮੈਂ ਪਿਛੇ ਪਿਛੇ ਬੈਠਕ 'ਚ ਚਲਾ ਗਿਆ। ਉਹ ਨੇ ਬੈਠਕ ਦਾ ਬੂਹਾ ਵੀ ਭੇੜ ਦਿਤਾ। ਮੈਂ ਹੈਰਾਨ ਹੋ ਗਿਆ। ਕਈ ਤਰ੍ਹਾਂ ਦੇ ਖਿਆਲ ਮੇਰੇ ਦਿਮਾਗ ਵਿਚ ਘੁੰਮੇ, ਪਰ ਮੈਂ ਹੈਰਾਨੀ ਨੂੰ ਦਬਾਈ ਰਖਿਆ।

'ਭਾਬੀ ਚਿਠੀ ਪੜ੍ਹਾ ਛੇਤੀ, ਮੈਂ ਜਾਣੈ।' ਤੇ ਮੈਂ ਮੰਜੇ ਤੇ ਬੈਠ ਗਿਆ। 'ਦਿਉਰਾ ਚਿੱਠੀ ਤਾਂ ਕੋਈ ਨਹੀਂ ਆਈ।' ਮੈਂ ਤੱਕਿਆ ਉਹਦਾ ਮੂੰਹ ਭੱਖ ਰਿਹਾ ਸੀ। ਮੇਰੇ ਬੋਲਣ ਤੋਂ ਪਹਿਲੋਂ ਉਹ ਮੇਰੇ ਉਤੇ ਡਿਗ ਪਈ 'ਭਾਬੀ ਤੈਨੂੰ ਕੀ ਹੋ ਗਿਆ ?' ਮੈਂ ਰੋਹ ਪ੍ਰਗਟਾਇਆ।

'ਹੋਣਾ ਕੀ ਏ।' ਤੇ ਉਹ ਹਸ ਪਈ। ਹੁਣ ਤਕ ਉਹਦੇ ਕੰਨ ਲਾਲ ਸੂਹੇ ਹੋ ਚੁਕੇ ਸਨ।

'ਜੇ ਚਿੱਠੀ ਨਹੀਂ ਸੀ ਆਈ ਤਾਂ ਸਦਿਆ ਕਿਉਂ ? ਮੈਂ ਚਲਿਆ।' ਤੇ ਮੈਂ ਉਠਣ ਦਾ ਯਤਨ ਕੀਤਾ। ਉਹਨੇ ਮੇਰੇ ਉਤੋਂ ਦੀ ਬਾਂਹ ਵਗਲ ਕੇ ਮੰਜੇ ਦੀ ਬਾਹੀ ਫੜ ਲਈ, 'ਤੂੰ ਓਪਰੀਆਂ ਜਹੀਆਂ ਗੱਲਾਂ ਕਿਉਂ ਕਰਦੈਂ, ਛੋਟਾ ਹੁੰਦਾ ਆਪੇ ਈ ਬੁੱਕਲ ਵਿਚ ਬੈਠ ਜਾਂਦਾ ਸੀ।' ਤੇ ਉਹਨੇ ਮੈਨੂੰ ਹੋਰ ਕੱਸ ਲਿਆ।

'ਭਾਬੀ ! ਜੇ ਉਤੋਂ ਮਾਸੀ ਆ ਜਾਏ ਤਾਂ ਕੀ ਸਮਝੇ ?' ਮੈਨੂੰ ਕੁਝ ਅਹੁੜ ਨਹੀਂ ਸੀ ਰਿਹਾ।

'ਉਹ ਨਹੀਂ ਅਜੇ ਆਉਂਦੀ, ਤੂੰ ਡਰਦਾ ਕਿਉਂ ਏਂ ?' ਹੁਣ ਉਹਦੇ ਬੋਲ ਵੀ ਥਿੜਕ ਰਹੇ ਸਨ।

'ਅੱਛਾ ਬਾਂਹ ਪਰ੍ਹੇ ਕਰ, ਮੈਨੂੰ ਜਾਣ ਦੇਹ।' ਮੈਂ ਤਰਲਾ ਜਿਹਾ ਕੀਤਾ।

'ਦੇਖ ਲੈ ..ਤੇਰੀ ਮਰਜ਼ੀ ਐ...ਤੂੰ...ਤੂੰ...।' ਤੇ ਭਾਬੀ ਦੀ ਜ਼ਬਾਨ ਕੰਬ ਗਈ। ਉਹਦੇ ਦਿਲ ਦੀ ਧੱਕ ਧੱਕ ਸਾਫ ਸੁਣਾਈ ਦੇ ਰਹੀ ਸੀ। ਮੈਂ ਦੁਚੱਤੀ ਵਿਚ ਫਸਿਆ ਬੈਠਾ ਸਾਂ।

'ਕੀ...ਸੋਚ...ਦੈਂ ?' ਤੇ ਉਹਨੇ ਆਪਣੇ ਬੁਲ੍ਹ ਮੇਰੇ ਬੁਲ੍ਹਾਂ ਤੇ

ਰਖ ਦਿਤੇ । ਮੈਂ ਇਕ ਦਮ ਝੰਜੋੜਾ ਦੇ ਕੇ ਉਠ ਖਲੋਤਾ । ਬੈਠਕ ਦਾ ਬੂਹਾ ਖੋਲ੍ਹ ਕੇ ਵਿਹੜੇ 'ਚ ਆ ਗਿਆ । ਕੁਝ ਬੋਲ ਮੇਰੇ ਕੰਨੀਂ ਪਏ, 'ਤੇਰੀ... ਇਹ... ਮਜ਼ਾਲ ।'

ਮੈਂ ਬਾਹਰਲਾ ਕੁੰਡਾ ਖੋਲ੍ਹ ਘਰ ਨੂੰ ਤੁਰ ਪਿਆ । ਬਾਹਰਲੇ ਵਿਹੜੇ ਵਿਚ ਆ ਕੇ, ਅੰਦਰ ਜਾਣ ਦੀ ਬਜਾਏ ਰੋਵਰ (ਕੁੱਤਾ) ਦੀ ਸੰਗਲੀ ਖੋਲ੍ਹ ਕੇ ਖੇਤਾਂ ਵਲ ਨੂੰ ਹੋ ਤੁਰਿਆ । ਮੈਨੂੰ ਕੋਈ ਸੁਰਤ ਨਹੀਂ ਕਿ ਕਦੋਂ ਤੁਰਿਆ ਜਾਂਦਾ ਵਾਪਸ ਮੁੜ ਆਇਆ । ਵਿਹੜੇ ਵਿਚ ਮੈਂ ਰੋਵਰ ਨੂੰ ਸੰਗਲੀ ਪਾ ਕੇ ਅੰਦਰਲੇ ਵਿਹੜੇ ਵਿਚ ਆ ਗਿਆ ।

ਮੈਂ ਡੋਰ ਭੋਰ ਹੋ ਗਿਆ । ਕੰਧ ਤੋਂ ਦੀ ਭਾਬੀ ਦੇ ਰੋਣ ਦੀ ਆਵਾਜ਼ ਸੁਣਾਈ ਦਿਤੀ । ਇੰਨੇ ਨੂੰ ਕੰਧ ਤੋਂ ਦੀ ਮਾਸੀ ਨੇ ਮੇਰੀ ਮਾਂ ਨੂੰ ਆਵਾਜ਼ ਮਾਰੀ ! ਮੈਂ ਅੰਦਰ ਵੜ ਕੇ ਮੰਜੇ ਉਤੇ ਪੈ ਗਿਆ । ਮਾਂ ਨੇ ਸਾਗ ਚੀਰਦੀ ਨੇ ਉਠ ਕੇ ਮਾਸੀ ਵਲ ਮੂੰਹ ਕੀਤਾ । ਇਕ ਦਮ ਮਾਸੀ ਨੇ ਮਾਂ ਨੂੰ ਕਹਿਣਾ ਸ਼ੁਰੂ ਕਰ ਦਿਤਾ :

'ਨੀ ਇਹਨੂੰ ਸ਼ਰਮ ਨਾ ਆਈ ਮਾਂ ਵਰਗੀ ਭਾਬੀ ਨੂੰ ਹੱਥ ਪਾਂਦਿਆਂ । ਨੀ ਇਹ ਕੁਝ ਤਾਂ ਸ਼ਰਮ ਕਰਦਾ ।'

'ਤੂੰ ਭੈਣੇ ਧੀਰਜ ਨਾਲ ਗੱਲ ਤਾਂ ਦਸ ।' ਮਾਂ ਨੇ ਹੈਰਾਨੀ ਪ੍ਰਗਟ ਕੀਤੀ । ਅੰਦਰ ਬੈਠੇ ਦੇ ਮੇਰੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ ।

'ਨੀ ਪੁਛ ਤਾਂ ਸਹੀ ਇਹਨੂੰ । ਕੀ ਲੋਹੜਾ ਮਾਰਿਆ ...।'

ਮਾਸੀ ਦੇ ਉਚੀ ਬੋਲਾਂ ਨੂੰ ਸੁਣ ਕੇ ਆਂਢ ਗੁਆਂਢ ਦੀਆਂ ਤੀਵੀਆਂ ਇਕਠੀਆਂ ਹੋ ਗਈਆਂ । ਕਈ ਔਰਤਾਂ ਦੇ ਬੋਲ ਮੇਰੇ ਕੰਨੀਂ ਪਏ :

'ਹੈ ਹੈ ਨੀ ਲੋਹੜਾ ਵਜ ਗਿਆ...।'

'ਭਾਈ ਕੋਈ ਵੇਲਾ ਰਹਿ ਗਿਆ 'ਤਬਾਰ ਕਰਨ ਦਾ ।' ਇਕ ਹੋਰ ਬੋਲੀ ।

'ਨੀ ਕਲਯੁਗ ਆ ਗਿਆ...ਕਲਯੁਗ ।' ਕੋਈ ਹੋਰ ਕਹਿ ਰਹੀ ਸੀ ।

ਮਾਸੀ ਦੇ ਬੋਲ ਫਿਰ ਸੁਣਾਈ ਦਿਤੇ :

'ਵੇ ਸਤ ਘਰ ਤਾਂ ਡੈਣ ਵੀ ਛਡ ਦਿੰਦੀ ਆ । ਤੂੰ ਕੀ ਸੋਚਿਆ...।'

ਰੌਲਾ ਸੁਣ ਕੇ ਇਕੱਠ ਹੋਰ ਵਧ ਰਿਹਾ ਸੀ । ਭਾਬੀ ਦੀਆਂ ਹਿਚਕੀਆਂ ਹੋਰ ਉਚੀ ਹੋ ਰਹੀਆਂ ਸਨ । ਅਸਲੀਅਤ ਨੂੰ ਜਾਨਣ ਪਛਾਨਣ ਦਾ ਉਥੇ ਵੇਲਾ ਹੀ ਕਿਥੇ ਸੀ ।

ਮੈਨੂੰ ਮਾਸੀ ਤੇ ਕੋਈ ਗਿਲਾ ਨਹੀਂ ਸੀ ।

ਭਾਬੀ ਦੀ ਮਜ਼ਬੂਰੀ ਤੇ ਦਿਲੀ ਹਮਦਰਦੀ ਸੀ । ਪਰ ਘੋਗੇ ਤੇ ਹਦੋਂ ਵਧ ਗੁਸਾ ਆ ਰਿਹਾ ਸੀ ।

---

( 'ਮੌਤ ਤੋਂ ਬਾਅਦ ਦਾ ਦੁਖ' ਕਹਾਣੀ ਦੀ ਬਾਕੀ )

ਤੇ ਪਾਖਰ ਤੇ ਉਸ ਦੇ ਸਾਥੀ ਉਸ ਖੂੰਝੇ ਵੱਲ ਵੇਖਣ ਲੱਗੇ । ਜਿੱਧਰ ਸੇਵਾ-ਸੰਮਤੀ ਵਾਲੇ ਨੇ ਇਸ਼ਾਰਾ ਕੀਤਾ ਸੀ । ਉਥੇ ਚਬੂਤਰੇ ਉਤੇ, ਮੈਲੇ ਜਿਹੇ ਖੇਸ ਵਿਚ, ਕੋਈ ਲਾਸ਼ ਲਿਪਟੀ ਪਈ ਸੀ । ਤੇ ਇਕ ਬਹੁਤ ਹੀ ਬਜ਼ੁਰਗ ਜਿਹਾ ਬੰਦਾ — ਜਿਸ ਦੇ ਪਾਟੇ ਨੀਲੇ ਕਪੜਿਆਂ ਤੋਂ, ਉਸ ਦੇ ਕੁਲੀ ਹੋਣ ਦਾ ਸਾਫ਼ ਪਤਾ ਲੱਗਦਾ ਸੀ — ਆਪਣੇ ਹੱਥ ਵਿਚ ਫੜੀ ਅੱਕ ਦੀ ਸੋਟੀ ਨਾਲ, ਇਕ ਭੂਰੇ ਜਿਹੇ ਕੁੱਤੇ ਨੂੰ, ਲਾਸ਼ ਵੱਲ ਆਉਣ ਤੋਂ ਰੋਕ ਰਿਹਾ ਸੀ ।


# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 6:30 p.m.

## BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj



## B. R. CONTRACTORS

for
ELECTRICAL WIRING
in
New Houses (Residential, Commercial and Domestic) Installation and Repairs of Washers, Dryers and Stoves

FRAMING
For Custom Homes (Commercial, Residential and Industrial) plus renovations

All types of
Back Hoe Service
Digging, Trenching, Sewers, Back Filling, etc.



580 — Rubber wheeled backhoe

Contact:
TARLOCHAN BAINS
1363 E. 12th Avenue,
Vancouver, B.C.

Business: 879-2062
Mobile Phone: JR2-8484
(via operator)



THINKING OF TRAVEL?
WE CAN SAVE TIME & TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

## GOYAL TRAVELS

4160 FRASER STREET, VANCOUVER 10, B.C.
PHONE: 872-7658

ASSOCIATE OFFICES:
1. NEAR COURTS, MOGA, PANJAB (INDIA) – PHONE 798
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA)

# ਢਹਿੰਦੀ ਹਵੇਲੀ

## ਗੁਲਜ਼ਾਰ ਮੁਹੰਮਦ ਗੋਰੀਆ

ਸਰਦਾਰ ਕਪੜੇ ਖੋਲੀਂ ਮੂਧਾ ਪਿਆ ਹੈ । ਉਸ ਦਾ ਮੁਖਤਾਰ ਉਸ ਦੀ ਮਾਲਸ਼ ਕਰ ਰਿਹਾ ਹੈ । ਸਰਦਾਰ ਮੂੰਹ ਖੋਲ ਕੇ ਕਹਿੰਦਾ ਹੈ, "ਆਹ, ਜ਼ਰਾ ਸਿਰ 'ਚ ਵੀ ਝੱਸੀਂ ਤੇਲ, ਸਾਲਾ ਚੱਕਰ ਜਿਹਾ ਆਈ ਜਾਂਦੈ ।"

ਮੁਖਤਾਰ ਤੇਲ ਦੀ ਧਾਰ ਬੰਨ ਕੇ ਸਿਰ 'ਚ ਪਾਉਂਦਾ ਹੋਇਆ ਕਹਿੰਦਾ ਹੈ "ਜੀ, ਅੱਛਰੋ ਅਜ ਮੇਰੇ ਕੋਲ ਦਾਣਿਆਂ ਨੂੰ ਆਈ ਸੀ ।"

"ਫੇਰ ! ਤੂੰ ਦੇ ਦਿਤੇ ?" ਸਰਦਾਰ ਨੇ ਦੋਹਾਂ ਹੱਥਾਂ ਨਾਲ ਮੱਥੇ ਨੂੰ ਘੁੱਟਦੇ ਹੋਏ ਨੇ ਪੁਛਿਆ ।

"ਨਹੀਂ ਜੀ । ਮੈਂ ਕਿਤੇ ਐਨਾ ਕੱਚਾ ਵਾਂ । ਜਗੀਰੇ ਨੂੰ ਮੇਰਾ ਸਭ ਕੁਝ ਸਮਝਾਇਆ ਹੋਇਆ । ਪਰ ਉਹ ਥੋੜੇ ਕੋਲ ਆਊ ਹੁਣ ।" ਕਹਿ ਕੇ ਉਹ ਸਰਦਾਰ ਦੇ ਮੂੰਹ ਵਲ ਝਾਕਣ ਲਗਾ ।

"ਮੇਰੇ ਕੋਲ ਆ ਜਾਵੇ", ਸਰਦਾਰ ਨੇ ਅਰਾਮ ਨਾਲ ਮੱਥੇ ਨੂੰ ਦੋਹਾਂ ਮੁੱਠੀਆਂ ਤੇ ਧਰ ਲਿਆ ।

"ਠੀਕ ਐ ਜੀ, ਫਿਰ ਆਪੇ ਲਗਣਗੀਆਂ ।" ਕਹਿ ਕੇ ਮੁਖਤਾਰ ਤਲੀ ਨਾਲ ਤੇਲ ਝਸਣ ਲਗ ਪਿਆ ।

"ਪਰ ਕੰਮ ਤੈਥੋਂ ਫੇਰ ਵੀ ਨਹੀਂ ਬਣਨਾ ।" ਸਰਦਾਰ ਨੇ ਅੱਖਾਂ ਮੀਚ ਕੇ ਕਿਹਾ ।

"ਨਾ ਜੀ ਮਹੀਨਾ ਨੀ ਪੈਣ ਦਿੰਦਾ । ਤੁਹਾਡੀ ਕਿਰਪਾ ਚਾਹੀਦੀ ਐ । ਉਂ ਕੁੜੀਆਂ ਕੋੜ ਬਹੁਤ ਐਂ ।"

"ਜਿਹੋ ਜਹੀ ਸਾਲ 'ਚ ਸੁਆਹ ਉਡਾਣੀ ਐ ਉਹੋ ਜੀ ਹੁਣ ਉਡਾਂਵੇਗਾ । ਸਾਲਿਆ ਕੋੜ ਦਿਆ ਤੂੰ ਹੈਂ ਈ ਝੁੱਡੂ ।" ਸਰਦਾਰ ਖਿੱਝ ਗਿਆ ।

ਮੁਖਤਾਰ ਥੋੜਾ ਜਿਹਾ ਚਿਰ ਚੁੱਪ ਕਰ ਗਿਆ । ਫਿਰ ਉਸ ਨੇ ਹੌਂਸਲਾ ਕਰਕੇ ਪੁਛਿਆ । "ਕੋਈ ਤਰਕੀਬ ਤਾਂ ਦਸੋ ਜੀ, ਮੈਂ ਕਰਾਂ ਕੀ ? ਸਿੱਧਾ ਹੱਥ ਪਾਉਣਾ ਵੀ ਔਖਾ ।"

"ਪਹਿਲਾਂ ਉਂ ਪੁੱਛ ਵੇਖੀਂ । ਜੇ ਨਾ ਮੰਨੀਆਂ ਤਾਂ ਕਹਿ ਦੇਵੀਂ ਕਿ ਸਰਦਾਰ ਨੇ ਦਾਣੇ ਨਹੀਂ ਦੇਣੇ । ਜੇ ਫੇਰ ਵੀ ਨਾ ਮੰਨੀਆਂ, ਫਿਰ ਸੋਚਾਂਗੇ ਹੋਰ ਹੀਲਾ ।" ਕਹਿ ਕੇ ਸਰਦਾਰ ਉਠ ਖਲੋਤਾ । ਕੋਲ ਹੀ ਚਲ ਰਹੇ ਟਿਊਵੈੱਲ ਦੇ ਚਬਚੇ ਵਿਚ ਬਹਿ ਕੇ ਪਾਣੀ ਦੀ ਧਾਰ ਥੱਲੇ ਸਿਰ ਕਰ ਲਿਆ । ਪਰ ਉਸ ਦੇ ਦਿਲ ਤੇ ਗੋਹਾ ਕੂੜਾ ਚੁਕਦੀਆਂ ਕੁੜੀਆਂ ਦੀਆਂ ਅੰਗਿਆਰਿਆਂ ਵਾਂਗ ਦੱਗਦੀਆਂ ਗਲ੍ਹਾਂ ਦਾਗ ਪਾ ਰਹੀਆਂ ਸਨ । ਮੁਖਤਾਰ ਨੇ ਸੁੱਕੇ ਕੱਖਾਂ ਨੂੰ ਤੀਲੀ ਦਿਖਾ ਦਿਤੀ ਸੀ...

ਅੱਛਰੋ ਦੇ ਦਿਲ ਵਿਚ ਭਾਂਬੜ ਮੱਚ ਉਠਿਆ । ਉਸ ਨੂੰ ਲਗ ਰਿਹਾ ਸੀ ਕਿ ਉਸ ਦੀਆਂ ਧੀਆਂ ਦਾ ਸਾਰਾ ਸਾਲ ਕੀਤਾ ਹੋਇਆ ਕੰਮ ਢੱਠੇ ਖੂਹ ਵਿਚ ਜਾ ਪਿਆ ਹੈ । ਉਹ ਆਪਣੇ ਆਪ ਤੇ ਲਾਹਣਤਾਂ ਪਾ ਰਹੀ ਸੀ ਤੇ ਉਸ ਘੜੀ ਨੂੰ ਕੋਸ ਰਹੀ ਸੀ ਜਦੋਂ ਉਸ ਦੇ ਮੂੰਹੋਂ ਹਾਂ ਨਿਕਲ ਗਈ ਸੀ — ਅੱਗ ਲਗੇ ਅਜਿਹੀ ਸਰਦਾਰੀ ਨੂੰ ਏਦੋਂ ਤਾਂ ਕਿਸੇ ਮਾੜੇ ਲਾਣੇ ਦੇ ਲਾ ਦਿੰਦੀ ਮੇਹਨਤ ਮਜੂਰੀ ਤਾਂ ਮਿਲ ਜਾਂਦੀ ਐ ਟੈਮ ਸਿਰ । ਝੁਲਸਿਆ ਦਿਲ ਡਿਗੂੰ ਡਿਗੂੰ ਕਰਨ ਲਗਾ । ਪਰ ਫਿਰ ਕਿਸੇ ਖੂੰਜਿਉਂ ਹੌਂਸਲਾ ਉਠ ਖਲੋਤਾ — ਕਿਤੇ ਤੋਂ ਦਾਨ ਦੇ ਤਾਂ ਨਹੀਂ ਲੈਣੇ । ਕੰਮ ਕੀਤਾ ਹੋਇਆ । ਕਿਉਂ ਨਹੀਂ ਦੇਣਗੇ ? ਉਹ ਜਗੀਰੇ ਦੇ ਦਰ ਮੂਹਰੇ ਆ ਖੜੀ, "ਵੇ ਜਗੀਰੇ ਘਰੇ ਈ ਐਂ ?"

"ਆਹੋ, ਕੀ ਗੱਲ ਐ ?", ਜਗੀਰਾ ਅੰਦਰੋਂ ਮੰਜੀ ਤੇ ਪਿਆ ਹੀ ਬੋਲਿਆ ।"

"ਗੱਲ ਕੀ ਪੁੱਛਦੈਂ ਵੇ, ਅਨਰਥ ਹੋ ਗਿਆ । ਸਰਦਾਰ ਦਾ ਮੁਖਤਿਆਰ ਕਹਿੰਦਾ, 'ਮੈਂ ਦਾਣੇ ਹੀ ਨਹੀਂ ਦਿੰਦਾ । ਤੁਹਾਨੂੰ ਕਿਸ ਨੇ ਲਾਇਆ ਸੀ ਗੋਹਾ ਕੂੜਾ ਕਰਨ ਲਈ', ਤੂੰ ਰੋਜ਼ ਸਾਨੂੰ ਕਹਿ ਕੇ ਨਹੀਂ ਸੀ ਜਾਂਦਾ ਹੁੰਦਾ ? ਤੂੰਹਿਉਂ ਕਿਹਾ ਸੀ ਕਿ ਸਰਦਾਰਾਂ ਦੇ ਲਗ ਜਾਵੋ । ਸੌ ਚੀਜ਼ ਲਿਆਉਣ ਨੂੰ । ਨਾਲੇ ਦਾਣੇ ਵੀ ਵੱਧ ਦਿੰਦੇ ਐ ।"

ਸੁਣ ਕੇ ਜਗੀਰੇ ਦਾ ਗਿਰਗਟ ਵਾਂਗ ਰੰਗ ਬਦਲ ਗਿਆ । ਉਹ ਝੱਬ ਦੇਣੇ ਮੰਜੇ ਤੋਂ ਉਠ ਦਰਾਂ ਵਿਚ ਆ ਖਲੋਇਆ, "ਓ ਮੈਂ ਕਿਹੜਾ ਥੋਨੂੰ ਸਾਰੇ ਸਾਲ ਲਈ ਕਿਹਾ ਸੀ । ਇਕ ਦਿਨ ਕਹਿ ਦਿਤਾ ਸੀ, ਉਨ੍ਹਾਂ ਦਾ ਨੌਕਰ

ਬੀਮਾਰ ਸੀ, ਇਸ ਕਰਕੇ। ਫਿਰ ਨੌਕਰ ਭੱਜ ਗਿਆ। ਜੇ ਮੈਂ ਐਂ ਕਹਿ ਦਿਤਾ ਬਈ ਤੁਸੀਂ ਹੀ ਚੁੱਕੀ ਜਾਵੋ ਤਾਂ ਲੋਹੜਾ ਆ ਗਿਆ ? ਇਕ ਤਾਂ ਥੋਨੂੰ ਕੰਮ ਲੱਭਤਾ। ਹੁਣ ਦਾਣਿਆਂ ਦਾ ਵੀ ਮੈਂ ਹੀ ਠੇਕਾ ਲਿਆ ਹੋਇਐ !"

"ਤੂੰ ਭੱਜ ਭੱਜ ਕਿਉਂ ਔਨੈਂ। ਮੈਂ ਕਦੋਂ ਕਹਿੰਨੀ ਐਂ ਵੀ ਤੈਂ ਠੇਕਾ ਲਿਐ। ਚਲ ਮੇਰੇ ਨਾ'ਲ, ਬਸ ਐਨਾਂ ਕਹਿਦੇ ਕਿ ਮੈਂ ਇਨ੍ਹਾਂ ਨੂੰ ਗੋਹਾ ਕੂੜਾ ਕਰਨ ਲਈ ਕਹਿ ਆਇਆ ਸੀ। ਤੂੰ ਵੀ ਤਾਂ ਉਨ੍ਹਾਂ ਦੇ ਕਹੇ ਤੋਂ ਹੀ ਸਾਨੂੰ ਕਿਹਾ ਸੀ। ਫਿਰ ਅਸੀਂ ਆਪੇ ਸਮਝਾਂਗੇ।"

ਪਰ ਜਗੀਰਾ ਸੱਪ ਤੋਂ ਸੀ'ਹ ਬਣ ਗਿਆ, "ਮੈਥੋਂ ਨਹੀਂ ਜਾ ਹੁੰਦਾ ਤੁਹਾਡੀਆਂ ਗਵਾਹੀਆਂ ਭੁਗਤਣ, ਆਪੇ ਜਾਵੋ। ਮੈਂ ਗਾਲ੍ਹਾਂ ਖਾਣੀਆਂ ਨੇ ਸਰਦਾਰ ਕੋਲੋਂ। ਕਹੂਗਾ ਤੂੰ ਵਕੀਲ ਐਂ ਇਨ੍ਹਾਂ ਦਾ।" ਤੇ ਉਹ ਘੇਸ ਵੱਟ ਕੇ ਅੰਦਰ ਨੂੰ ਚਲਾ ਗਿਆ। ਅੱਛਰੋ ਨੂੰ ਇੰਜ ਲਗਾ ਜਿਵੇਂ ਉਸ ਨੂੰ ਕਿਸੇ ਨੇ ਚੁੱਕ ਕੇ ਧਰਤੀ ਨਾਲ ਮਾਰਿਆ ਹੋਵੇ। ਉਸ ਦਾ ਜੀਅ ਕੀਤਾ ਕਿ ਉਹ ਭੱਜ ਕੇ ਜਗੀਰੇ ਨੂੰ ਵਾਲਾਂ ਤੋਂ ਫੜੇ ਅਤੇ ਘੜੀਸਦੀ ਹੀ ਸਰਦਾਰ ਦੀ ਹਵੇਲੀ ਤੀਕ ਲੈ ਜਾਵੇ। ਬੇਵੱਸ ਹੋਈ ਉਹ ਆਪਣੀਆਂ ਦੋਨਾਂ ਕੁੜੀਆਂ ਨੂੰ ਨਾਲ ਲੈਕੇ ਹਵੇਲੀ ਵਲ ਨੂੰ ਤੁਰ ਪਈ।

"ਵੇ ਸਰਦਾਰ ਜੀ ਤਾਂ ਆ ਗਏ ਹੋਣੇ ਸ਼'ਹਿਰੋਂ ?" ਵੱਡੇ ਦਰਵਾਜ਼ੇ ਅੱਗੇ ਬੂਟਿਆਂ ਨੂੰ ਗੁੱਢ ਰਹੇ ਮਾਲੀ ਨੂੰ ਅੱਛਰੋ ਨੇ ਪੁਛਿਆ।

"ਆਏ ਨੇ, ਠਾਹ ਕੇ ਹੁਣੇ ਅੰਦਰ ਨੂੰ ਗਏ ਨੇ। ਪਰ ਰਿਸ਼ਤੇਦਾਰ ਮਿਲਣ ਆ'ਏ ਨੇ ਹੁਣੇ ਹੀ। ਤੁਸੀਂ ਜ਼ਰਾ ਬਾਹਰ ਬੈਠੋ।" ਮਾਲੀ ਨੇ ਸਮਝਾਇਆ। ਪਰ ਅੱਛਰੋ ਅੰਦਰ ਤਾਂ ਜਿਵੇਂ ਅੱਗ ਬਲ ਰਹੀ ਸੀ। "ਫਿਰ ਕੀ ਹੋਇਆ। ਅਸੀਂ ਕਿਹੜਾ ਰਿਸ਼ਤੇਦਾਰਾਂ ਕੋਲੋਂ ਕੁਝ ਮੰਗਣੈਂ। ਸਰਦਾਰ ਜੀ ਨੂੰ ਏਨਾਂ ਹੀ ਕਹਿਣੈਂ ਜੀ ਸਾਡੇ ਦਾਣੇ ਦੇਵੋ। ਕੁੜੀਆਂ ਕੰਮ ਕਰਦੀਆਂ ਮਰਗੀਆਂ ਸਾਰਾ ਸਾਲ।"

"ਤਾਂ ਥੋਡੀ ਮਰਜ਼ੀ ਐ। ਫੇਰ ਨਾ ਮੈਨੂੰ ਕਿਹੋ ਜੇ ਹੱਤਕ ਹੋਗੀ।" ਤੇ ਉਹ ਖੁਰਪੇ ਤੋਂ ਮਿੱਟੀ ਝਾੜ ਕੇ ਬਾਹਰ ਨੂੰ ਖਿਸਕ ਗਿਆ।

"ਆ ਜਾਵੋ ਨੀ ਤੁਸੀਂ ਵੀ। ਮੂੰਹ 'ਚ ਤਾਂ ਨਹੀਂ ਪਾ ਲਊ ਸਰਦਾਰ। ਕਿਹੋ ਕਿ ਜੀ ਜਗੀਰਾ ਹੀ ਸਾਨੂੰ ਤੁਹਾਡਾ ਨਾਂ ਲੈ ਕੇ ਗੋਹਾ ਕੂੜਾ ਚੁੱਕਣ ਲਈ ਕਹਿ ਕੇ ਔਂਦਾ ਹੁੰਦਾ ਸੀ। ਹੁਣ ਮੁਕਰ ਗਿਐ।" ਅੱਛਰੋ ਅਗੇ ਅਗੇ ਤੇ ਉਸਦੀਆਂ ਦੋਨੋਂ ਕੁੜੀਆਂ ਰਵਾਂ ਰਵੀਂ ਉਸ ਦੇ ਪਿਛੇ ਬੂਟਿਆਂ ਦੀਆਂ ਕਤਾਰਾਂ ਵਿਚ ਦੀ ਤੁਰਦੀਆਂ ਡਿਉਢੀ ਅਗੇ ਜਾ ਖਲੋਈਆਂ।

... ...

"...ਦੋ ਹਜ਼ਾਰ ਮੇਰਾ ਲਿਖੋ। ਬਿਲਡਿੰਗ ਦਾ ਪ੍ਰਬੰਧ ਵੀ ਹੋ ਹੀ ਜਾਊ। ਤੁਸੀਂ ਬਹੁਤ ਹੀ ਚੰਗਾ ਕਦਮ ਚੁੱਕ ਰਹੇ ਹੋ। ਇਲਾਕੇ ਵਿਚ ਕੁੜੀਆਂ ਲਈ ਵੱਖਰਾ ਕਾਲਜ ਚਾਹੀਦਾ ਹੀ ਸੀ। ਤੁਹਾਨੂੰ ਪਤਾ ਹੀ ਹੈ ਅਜ ਕਲ੍ਹ ਕਾਲਜਾਂ ਵਿਚ ਜੋ ਕੰਜਰਪੁਣਾ ਹੁੰਦਾ ਹੈ...।" ਸਰਦਾਰ ਉੱਚੀ ਉੱਚੀ ਕਹਿ ਰਿਹਾ ਹੈ। ਅੱਛਰੋ ਸੁਣ ਕੇ ਜਿਵੇਂ ਸੁੰਨ ਹੋ ਜਾਂਦੀ ਹੈ।

'ਦੋ...ਹਜ਼ਾਰ...:' ਸਾਡੀ ਸਾਲ ਦੀ ਕੀਤੀ ਮਿਹਨਤ ਨਹੀਂ ਦੇ ਹੁੰਦੀ। ਉਸ ਦੇ ਅੰਦਰੋਂ ਉਬਾਲ ਜਿਹਾ ਉਠਦਾ ਹੈ, 'ਸਰਦਾਰ...ਜੀ...ਸਰਦਾਰ...ਜੀ।" ਸਰਦਾਰ ਨੇ ਆਲੇ ਦੁਆਲੇ ਨੂੰ ਜਾਲੀ ਵਿਚੀਂ ਵੇਖਿਆ। ਪਰ ਮਾਲੀ ਕਿਧਰੇ ਨਾ ਦਿਸਿਆ। 'ਆਪ ਹੀ ਬਲਾ ਟਾਲਾਂ।' ਸੋਚਦਾ, ਕਹਿੰਦਾ ਹੈ, 'ਮੈਂ ਜ਼ਰਾ ਬਾਹਰ ਜਾ ਆਵਾਂ ਕੋਈਆ ਆਇਐ। ਤੁਸੀਂ ਏਨਾਂ ਚਿਰ ਬਿਲਡਿੰਗ ਬਾਰੇ ਵਿਚਾਰ ਕਰੋ ?"

ਖੁੱਲ੍ਹੇ ਕੇਸ ਪਿੱਛੇ ਨੂੰ ਸੁੱਟੇ ਹੋਏ ਹਨ। ਮੱਥੇ ਤੇ ਤਿਊੜੀ, "ਕੀ ਗੱਲ ਐ ? ਊਂਈ ਰੌਲਾ ਪਾਇਆ।"

"ਜੀ ਥੋਡੇ ਮੁਖ਼ਤਿਆਰ ਨੇ ਸਾਨੂੰ ਦਾਣਿਆਂ ਤੋਂ ਜਵਾਬ ਦੇ ਦਿੱਤੈ। ਮ੍ਹਾਰਾਜ ਅਸੀਂ ਗ਼ਰੀਬ ਆਂ। ਤਰਸ ਖਾਵੋ। ਸਾਰਾ ਸਾਲ ਕੁੜੀਆਂ ਗੋਹਾ ਕੂੜਾ ਕਰਦੀਆਂ ਰਹੀਆਂ ਨੇ।" ਅੱਛਰੋ ਨੇ ਤਰਲਾ ਕੀਤਾ।

"ਥੋਨੂੰ ਲਾਇਆ ਕਿਸ ਸੀ ? ਆਪਣੇ ਆਪ ਹੀ ਕੋਈ ਕੁਝ ਕਰਦਾ ਰਵ੍ਹੇ ਅਸੀਂ ਕੀ ਕਰੀਏ ? ਮੈਨੂੰ ਥੋਡੇ ਕੰਮ ਕਰਨ ਦਾ ਕੁਝ ਪਤਾ ਨਹੀਂ। ਜਿਸ ਨੇ ਤੁਹਾਨੂੰ ਲਾਇਆ ਸੀ ਉਸ ਨਾਲ ਗੱਲ ਕਰੋ।" ਸਰਦਾਰ ਵਾਲਾਂ ਨੂੰ ਵਲ੍ਹੇਟ ਕੇ ਜੂੜਾ ਕਰਨ ਲੱਗਾ।

"ਪਰ ਮ੍ਹਾਰਾਜ ! ਜਗੀਰਾ ਮਰ ਜਾਏ, ਮੁੱਕਰ ਗਿਐ। ਉਦੋਂ ਤਾਂ ਸਮੇਰੇ ਈ ਜਾ ਕੇ ਖੜ੍ਹ ਜਾਂਦਾ ਸੀ ਕਿ ਦਿਨ ਨਾ ਚ੍ਹਾੜਿਓ ਬਾਹਲਾ। ਸਰਦਾਰ ਜੀ ਗੁੱਸੇ ਹੁੰਦੇ ਐ ਫੇਰ।"

"ਮੈਨੂੰ ਕੋਈ ਨਹੀਂ ਪਤਾ, ਅਪਣਾ ਆਪੇ ਸਮਝੋ।" ਸਰਦਾਰ ਅੰਦਰ ਨੂੰ ਜਾਣ ਲਈ ਮੁੜ ਪਿਆ। ਅੱਛਰੋ ਨੂੰ ਤੱਤ ਜਿਹਾ ਚੜ੍ਹ ਗਿਆ, "ਜੀ ਸਮਝੀਏ ਕਿਸ ਨਾਲ ? ਸਾਰਾ ਸਾਲ ਮੇਰੀਆਂ ਕੰਜਕਾਂ ਕੁੜੀਆਂ ਕੱਲੀਆਂ ਐਥੇ ਮੀਲ ਭਰ ਆਕੇ ਗੋਹਾ ਕੂੜਾ ਚੱਕਦੀਆਂ ਰਹੀਆਂ। ਮੈਂ ਦਸ ਦਿਨ ਬਿਮਾਰ ਰਹੀ ਤਾਂ ਵੀ ਨਾਗਾ ਨਹੀਂ ਪਾਇਆ ਤੇ ਤੁਸੀਂ ਹੁਣ ਐਂ ਕਹਿੰਦੇ ਹੋ !"

"ਤੇਰੀਆਂ ਕੰਜਕਾਂ ਕੁੜੀਆਂ ਨੂੰ ਕਿਸੇ ਨੇ ਕਿਹੈ ਕੁਝ ? ਐਂਜ ਨਾਸਾਂ ਫਲਾਉਂਨੀ ਐਂ !" ਸਰਦਾਰ ਜਾਂਦਾ ਜਾਂਦਾ ਆਕੜ ਕੇ ਖਲੋ ਗਿਆ।

"ਮੈਂ ਤਾਂ ਡੰਡਾ ਚਾੜ੍ਹਦਿਊਂ ਕੁਸ ਕਹਿਣ ਵਾਲੇ ਦੇ।" ਅੱਛਰੋ ਬਿਫਰ ਕੇ ਖਲੋ ਗਈ।

ਸਰਦਾਰ ਦਾ ਜਿਵੇਂ ਸਿਰ ਚਕਰਾ ਗਿਆ। ਉਸ ਦੀ ਨਿਗ੍ਹਾ ਬੈਠਕ ਵੱਲ ਗਈ। ਉਸ ਦੇ "ਰਿਸ਼ਤੇਦਾਰ" ਜਾਲੀ ਥਾਣੀ ਝਾਕ ਰਹੇ ਸਨ।...ਤੇ ਉਹਨੂੰ "ਜਾਲੀਆਂ" ਉੱਤੇ ਰੋਹ ਚੜ੍ਹ ਗਿਆ...

●

ਭਾਰਤੀ-ਖਾਣਿਆਂ ਦੇ ਸ਼ੌਕੀਨਾਂ ਲਈ ਖ਼ੁਸ਼ੀ ਦਾ ਪੈਗਾਮ

*INDIA'S & CANADA'S FINEST CUISINE*

– KABOB – BONES & BEANS – TANDORI & CURRIES –

**RAJA RESTAURANT** LTD.

*Specializing in:*

BANQUETS ■ CATERING, PRIVATE HOME PARTIES

– DINE IN OR TAKE OUT –

7271 MAIN STREET & 57th AVE.
VANCOUVER, B. C. CANADA

*Phone:* **325-5014**

ਰਾਜਾ ਰੈਸਟੋਰੈਂਟ

7271 ਮੇਨ , ਵੈਨਕੂਵਰ

PHONE: 325-5014

# MALKIAT SINGH ATHWAL



SPECIALIZING IN LOW-COST TERM INSURANCE FOR MORTGAGES & LIFE INSURANCE. ALSO RETIREMENT SAVINGS PLANS WITH HIGH RATE OF RETURN. CHECK OUR RATES BEFORE OBLIGATING YOURSELF — FINANCIAL PLANNING FOR FUTURE — AND INCOME TAX INFORMATION.

**OFFICE: 521-3778 RES.: 980-9630**

ਆਪਣੀ ਬਹੁਮੁੱਲੀ ਕਮਾਈ ਦੀ ਜੀਵਨ-ਬੀਮੇ ਰਾਹੀਂ ਵੱਧ ਤੋਂ ਵੱਧ ਪ੍ਰੋਟੈਕਸ਼ਨ ਲੈਣ ਲਈ, ਪੈਸੇ ਦੀ ਠੀਕ ਪਲੈਨਿੰਗ ਲਈ, ਟੈਕਸ-ਬੱਚਤ ਲਈ ਅਤੇ ਭਵਿੱਖ ਦੀ ਆਮਦਨ ਲਈ

ਮਲਕੀਤ ਸਿੰਘ ਅਠਵਾਲ

ਨੂੰ ਸੇਵਾ ਦਾ ਮੌਕਾ ਦਿਓ।

# ਰੰਡੀ

ਅਫ਼ਜ਼ਲ ਅਹਿਸਨ ਰੰਧਾਵਾ

ਸੁਲੱਖਣ ਸਿੰਘ ਨੇ ਵਾਗਾਂ ਪੱਟ ਦੇ ਥੱਲੇ ਨਪਕੇ ਪਗ ਤੇ ਪਟਕਾ ਬੰਨਿਆ ਅਤੇ ਘੋੜੇ ਨੂੰ ਮੋੜਕੇ ਮੈਨੂੰ ਅੱਖ ਮਾਰੀ। ਮੈਂ ਉਹਨੂੰ ਇਸ਼ਾਰਾ ਕੀਤਾ ਤੇ ਉਹਨੇ ਘੋੜੇ ਨੂੰ ਅੱਡੀ ਲਾ ਦਿਤੀ। ਸੁਲੱਖਣ ਸਿੰਘ ਦਾ ਘੋੜਾ ਦਾਇਰੇ ਵਾਲੇ ਬੋੜ੍ਹ ਤੋਂ ਨਸਕੇ ਦੂਰ ਪਿੰਡ ਦੇ ਬਾਹਰ ਤਕ ਧੂੜ ਦਾ ਬੱਦਲ ਬਣਾ ਕੇ ਅਗਾਂਹ ਨਿਕਲ ਗਿਆ।

ਮੈਂ ਦਿਲ ਹੀ ਦਿਲ ਵਿਚ ਦੁਆਵਾਂ ਪਿਆ ਕਰਦਾ ਸਾਂ ਜੇ ਭਾਬੀ ਦੀ ਨਜ਼ਰ ਨਾ ਪੈ ਜਾਵੇ। ਭਾਊ ਦਾ ਡਰ ਨਹੀਂ ਸੀ। ਉਹ ਸ਼ਹਿਰ ਗਿਆ ਹੋਇਆ ਸੀ ਤੇ ਅਜ ਉਹਦੇ ਆਉਣ ਦੀ ਉਮੀਦ ਨਹੀਂ ਸੀ, ਪਰ ਭਾਬੀ ਨੇ ਲਿਹਾਜ਼ ਕਰਨਾ ਸਿਖਿਆ ਈ ਨਹੀਂ ਸੀ। ਤੇ ਸ਼ਾਮ ਦੇ ਏਸ ਵੇਲੇ ਭਾਬੀ ਮੈਨੂੰ ਤੇ ਸੁਲੱਖਣ ਸਿੰਘ ਨੂੰ ਕਠਿਆਂ ਪਿੰਡੋਂ ਨਿਕਲਦਿਆਂ ਵੇਖ ਲੈਂਦੀ ਤੇ ਫੇਰ ਮੇਰੀ ਸ਼ਾਮਤ ਆ ਜਾਂਦੀ ਤੇ ਨਾਲੇ ਸੁਲੱਖਣ ਸਿੰਘ ਦੀਆਂ ਸਤ ਪੀਹੜੀਆਂ ਪੁਣੀਆਂ ਜਾਂਦੀਆਂ। ਗਲ ਕੋਈ ਹੋਵੇ ਜਾਂ ਨਾ ਭਾਬੀ ਭਾਊ ਨੂੰ ਇਕ ਇਕ ਦੀਆਂ ਸਤ ਸਤ ਕਰਕੇ ਏਦਾਂ ਕਿੱਸਾ ਬਣਾਕੇ ਸੁਣਾਉਂਦੀ ਕਿ ਸੁਣਾਂਦਿਆਂ ਭਾਬੀ ਦੇ ਮੱਥੇ ਤੇ ਵਟ ਪੈ ਜਾਂਦੇ ਹੁੰਦੇ ਸਨ ਤੇ ਉਹ ਆਪਣਾ ਕੰਮ ਭੁਲ ਕੇ ਉਸ ਨੂੰ ਗਾਲ੍ਹਾਂ ਕਢਣ ਲਗ ਪੈਂਦੀ ਤੇ ਜੇ ਮੈਂ ਕਦੀ ਭਾਬੀ ਨੂੰ ਮੋੜਦਾ ਤੇ ਉਹ ਲਾਲ ਲਾਲ ਅੱਖਾਂ ਕਢ ਕੇ ਆਂਹਦੀ 'ਸੁਲੱਖਣ ਸਿੰਘ ਨੂੰ ਤੇ ਕਿਸੇ ਕਾਂ ਕੁਤੇ ਦੀ ਮੌਤ ਆ ਜਾਵੇ ਤੇ ਲੋਕਾਂ ਦੀ ਜਾਨ ਛੁਟੇ।

'ਪਰ ਸੁਲੱਖਣ ਨੇ ਲੋਕਾਂ ਦੀ ਜਾਨ ਫੜੀ ਏ? ਭਾਬੀ' ਤੇ ਭਾਬੀ ਇਹ ਸੁਣਕੇ ਹੋਰ ਤੜੀ ਹੋ ਪੈਂਦੀ।

'ਤੂੰ ਸੁਲਖਣ ਟੁਟ ਪੈਣੇ ਨਾਲ ਫਿਰ ਫਿਰ ਕੇ ਚੋੜ ਹੋ ਗਿਆ ਏਂ। ਅਜ ਆਉਣ ਦੇ ਤੇਰੇ ਭਾਊ ਨੂੰ ਮੈਂ ਇਹ ਫੈਸਲਾ ਕਰਾਕੇ ਛਡਾਂਗੀ। ਅਸੀਂ ਇਜ਼ਤ ਵਾਲੇ ਆਂ ਸਾਡਾ ਤੇ ਉਸ ਔਤਰ ਜਾਣੇ ਬਦਮਾਸ਼ ਦਾ ਕੀ ਜੋੜ...' ਤੇ ਭਾਬੀ ਵਟ ਖਾਕੇ ਚੁਪ ਹੋ ਜਾਂਦੀ ਪਰ ਜਦੋਂ ਭਾਊ ਘਰ ਮੁੜਦਾ ਤੇ ਭਾਬੀ ਫਿਸ ਪੈਂਦੀ 'ਮੈਂ ਤੁਹਾਨੂੰ ਕਿੰਨੀ ਵਾਰੀ ਆਖਿਆ ਏ ਪਰ ਤੁਹਾਨੂੰ ਅਸਰ ਨਹੀਂ ਹੁੰਦਾ। ਇਸ ਆਪਣੇ ਲਾਡਲੇ ਦੀਆਂ ਵਾਗਾਂ ਖਿਚਕੇ ਰਖੋ।'

'ਹੁਣ ਕੀ ਹੋਇਆ ਏ? ਭਾਊ ਹਸਦਿਆਂ ਹਸਦਿਆਂ ਆਂਹਦਾ 'ਕਿਸ ਲਾਡਲੇ ਦੀ ਗਲ ਕਰਨੀ ਏਂ?'

'ਵਾਹ ਐਡੇ ਹੀ ਭੋਲੇ ਬਣਦੇ ਓ। ਮੈਂ ਆਪਣੇ ਰੱਤੂ ਦੀ ਗਲ ਕਰਨੀ ਆਂ। ਅਜ ਫੇਰ ਉਸ ਫੱਟੇ ਚੁਕੇ ਨਾਲ ਫਿਰਦਾ ਸੀ...।'

'ਉਹ ਪਰ ਆਪਣਾ ਰਤੂ ਕੋਈ ਕੁੜੀ ਏ। ਸਿਆਣਾ ਬਿਆਣਾ ਗਭਰੂ ਏ। ਕੋਈ ਬਾਲ ਤਾਂ ਨਹੀਂ ਪਈ ਹਰ ਵੇਲੇ, ਇਹਨੂੰ ਸਮਝਾਉਂਦੇ ਈ ਰਿਹਾ ਕਰੀਏ। ਛਡ ਇਹਨਾਂ ਗੱਲਾਂ ਨੂੰ, ਮੈਨੂੰ ਲਸੀ ਦਾ ਛੰਨਾ ਦੇਹ' ਭਾਊ ਆਖਰ ਗਲ ਮੁਕਾ ਦਿੰਦਾ।

'ਚੰਗਾ ਚੰਗਾ' ਭਾਬੀ ਗਰਮ ਹੋ ਕੇ ਆਂਹਦੀ' ਤੁਹਾਨੂੰ ਓਦਣ ਪਤਾ ਲਗੇਗਾ ਜਿਦਣ ਕੋਈ ਚੰਨ ਚੜ੍ਹੇਗਾ—ਸੁਲੱਖਣ ਟੁਟ ਪੈਣੇ ਨੇ ਤਾਂ ਪਤਾ ਨਹੀਂ ਕਿੰਨਿਆਂ ਦੀ ਜੜੀਂ ਪਾਣੀ ਦੇ ਛਡਿਆ ਏ—ਪਰ ਸਾਨੂੰ ਕੀ ਇਸ ਘਰ ਵਿਚ ਸਾਡੀ ਕੌਣ ਸੁਣਦਾ ਏ।'

'ਓਏ ਰਤਨ ਸਿੰਘਾ!' ਭਾਊ ਵਾਜ ਮਾਰਦਾ।

'ਹਾਂ ਭਾਊ' ਮੈਂ ਅੰਦਰੋਂ ਬਾਹਰ ਆਕੇ ਉਹਦੇ ਕੋਲ ਖਲੋ ਜਾਂਦਾ ਤੇ ਉਹ ਹਸ ਕੇ ਬਸ ਐਨਾ ਹੀ ਆਂਹਦਾ, 'ਓਏ ਰਤੂ ਤੇਰੀ ਭਾਬੀ ਤੇਰੀ ਸ਼ਕਾਇਤ ਪਈ ਕਰਦੀ ਸੀ।'

'ਕਿਹੜੀ ਗਲ?'

'ਓਏ ਛਡ ਗਲ ਨੂੰ ਜਾ ਹਵੇਲੀ ਜਾ ਕੇ ਘੋੜਿਆਂ ਨੂੰ ਪੱਠਾ-ਦਥਾ ਪਾ।'

ਸਾਡੇ ਘਰ ਵਿਚ ਇਹ ਰੋਜ਼ ਦੀ ਗਲ ਸੀ, ਭਾਵੇਂ ਮੈਂ ਸੁਲੱਖਣ ਨੂੰ ਮਿਲਾਂ ਜਾਂ ਨਾ। ਰੋਜ਼ ਐਨੀ ਕੁ ਗਲ ਤਾਂ ਜ਼ਰੂਰ ਹੋ ਜਾਂਦੀ ਸੀ।

ਸੁਲੱਖਣ ਐਡਾ ਭੈੜਾ ਵੀ ਨਹੀਂ ਸੀ, ਮੇਰੇ ਕੋਲੋਂ ਚਾਰ ਪੰਜ ਸਾਲ ਵਡਾ ਤੇ ਭਾਊ ਦਾ ਹਾਣੀ ਸੀ। ਕੁਝ ਡੰਡੇ-ਪਟੇ ਤਕੜਾ ਕੁਝ ਦਿਲ ਦਾ ਮਜ਼ਬੂਤ ਤੇ ਸ਼ਕਲੋਂ ਸੂਰਤੋਂ ਵੀ ਭੈੜਾ ਨਹੀਂ ਸੀ। ਵੇਖਣ ਨੂੰ ਚੰਗਾ ਭਲਾ ਸੋਹਣਾ ਗਭਰੂ ਸੀ। ਸ਼ੁਰੂ ਸ਼ੁਰੂ ਵਿਚ ਦੋ ਚਾਰ ਚੋਰੀਆਂ ਕਰ ਬੈਠਾ ਤੇ ਹੌਸਲਾ ਵਧ ਗਿਆ ਤੇ ਡਕੈਤੀਆਂ ਕਰਨ ਲਗ ਪਿਆ। ਇਕ ਦੋ ਖੂਨ ਕਰ ਕੇ ਸਤ ਅਠ ਸਾਲ ਬਝ ਗਿਆ ਤੇ ਬਰੀ ਹੋ ਕੇ ਘਰ ਆਇਆ ਤੇ ਹਰ ਪਾਸੇ ਸੁਲੱਖਣ ਸਿੰਘ—ਸੁਲੱਖਣ ਸਿੰਘ ਹੁੰਦੀ ਸੀ। ਹਰ ਇਕ ਸੂਰਮਾ ਤੇ ਗਭਰੂ ਸੁਲੱਖਣ ਸਿੰਘ ਦਾ ਰਾਹ ਵੀ ਲੰਘਣ ਤੋਂ ਪਹਿਲੋਂ ਇਕ ਵਾਰੀ ਜ਼ਰੂਰ ਤੋਲ ਜਾਂਦਾ ਸੀ, ਪਰ ਇਹ ਕੋਈ ਭੇਤ ਨਹੀਂ, ਇਹ ਗਲਾਂ ਤਾਂ ਪਿੰਡ ਦਾ ਇਕ ਗਭਰੂ ਜਿਹੜਾ ਆਪਣੇ ਆਪਨੂੰ ਸਾਹਨ ਸਮਝੇ, ਕਰਦਾ ਈ ਸੀ। ਪਰ ਸੁਲੱਖਣ ਸਿੰਘ ਵਿਚ ਇਕ ਹੋਰ ਭੇਤ ਜ਼ਰੂਰ ਸੀ ਕਿ ਰੰਨ ਭਾਵੇਂ ਸੋਨੇ ਦੀ ਹੋਵੇ ਸੁਲੱਖਣ ਉਹਦੇ ਤੇ ਕਦੀ ਨਹੀਂ ਸੀ ਵਿਸਦਾ।

ਆਹੋ ਰੰਨ ਭਾਵੇਂ ਸੋਨੇ ਦੀ ਹੋਵੇ ਸੁਲੱਖਣ ਉਹਦੇ ਤੇ ਕਦੀਂ ਨਹੀਂ ਸੀ ਵਿਸਦਾ। ਮੇਰਾ ਕਿਆਫਾ ਸੀ ਪਈ ਸੁਲੱਖਣ ਰੰਨ ਕੋਲੋਂ ਡਰਦਾ ਏ। ਇਕ ਵਾਰੀ ਪਿਛਲੇ ਸਾਲ ਦੀ ਗਲ ਏ। ਮੈਂ ਮੁੰਜੀ ਨੂੰ ਪਾਣੀ ਲਾਇਆ ਹੋਇਆ ਸੀ ਤੇ ਨੱਕਾ ਮੋੜ ਕੇ ਮੈਂ ਖੂਹ ਵਲ ਆਉਂਦਾ ਸਾਂ ਤੇ ਪਰੋਂ ਸੁਲੱਖਣ ਸਿੰਘ ਭਜਾ ਆਉਂਦਾ ਨਜ਼ਰ ਆਇਆ। ਮੈਂ ਸੁਲੱਖਣ ਦਾ ਇਹ ਹਾਲ ਕਦੀ ਨਹੀਂ ਸੀ ਡਿੱਠਾ। ਮਦਾਨ 'ਚ ਕਿੰਨੀ ਵਾਰੀ ਸੁਲੱਖਣ ਲੜਿਆ ਸੀ ਪਰ ਇੰਜ ਨਾ ਕਿਧਰੋਂ ਸੁਲੱਖਣ ਭਜਿਆ ਸੀ ਨਾ ਮੈਂ ਉਹਦੇ ਬਾਰੇ ਇਹ ਸੋਚ ਸਕਦਾ ਸਾਂ। ਉੱਦਣ ਤੇ ਹਦ ਈ ਹੋ ਗਈ, ਸੁਲੱਖਣ ਦਾ ਸਾਹ ਫੁਲਿਆ ਹੋਇਆ ਸੀ, ਉਹਦੇ ਕੇਸ ਖੁਲ ਗਏ ਸਨ ਤੇ ਪਗੜੀ ਗਲ ਵਿਚ ਪਈ ਹੋਈ ਸੀ। ਮੈਂ ਉਹਨੂੰ ਰੋਕਿਆ, ਗਲ ਪੁਛੀ, ਪਰ ਉਹਦੇ ਮੂੰਹ ਵਿਚੋਂ ਗਲ ਈ ਨਹੀਂ ਸੀ ਨਿਕਲਦੀ।

"ਕਿਤੇ ਲੜਾਈ ਹੋ ਪਈ ਸੂ। ਪਰ ਐਡਾ ਸੂਰਮਾ ਇਸ ਇਲਾਕੇ ਵਿਚ ਕੋਈ ਨਹੀਂ ਜੀਹਨੇ ਸਰਦਾਰ ਸੁਲੱਖਣ ਸਿੰਘ ਦਾ ਇਹ ਹਾਲ ਕਰ ਦਿਤਾ ਏ।" ਮੈਂ ਸੋਚਿਆ—

ਸੁਲੱਖਣ ਸਿੰਘ ਹਾਲੇ ਪਿਆ ਹੌਂਕਦਾ ਸੀ ਗਲ ਉਹਦੇ ਮੂੰਹ ਵਿਚੋਂ ਨਹੀਂ ਸੀ ਨਿਕਲਦੀ ਤੇ ਉਹ ਘੜੀ ਮੁੜੀ ਉਧਰ ਤਕਦਾ ਪਿਆ ਸੀ, ਜਿਧਰੋਂ ਉਹ ਭਜ ਕੇ ਆਇਆ ਸੀ। ਅੱਖੀਰੋਂ ਬੜੀ ਮੁਸ਼ਕਲ ਨਾਲ ਉਹਦੇ ਮੂੰਹ ਵਿਚੋਂ ਨਿਕਲਿਆ "ਭਾਊ ਮੈਨੂੰ ਬਚਾ ਲੈ।"

ਤੇ ਮੇਰੀਆਂ ਅੱਖਾਂ ਅਗੇ ਹੋਣ ਵਾਲੀ ਲੜਾਈ ਦਾ ਨਕਸ਼ਾ ਆ ਗਿਆ। ਮੇਰੇ ਡੋਲੇ ਫੜਕ ਪਏ ਤੇ ਮੈਂ ਕਾਮੇ ਨੂੰ ਵਾਜ ਮਾਰੀ "ਓਏ ਇੰਦਰ ਸਿੰਘਾ! ਕੁੜ ਵਿਚੋਂ ਸੋਟੇ ਕਢ ਲਿਆ।"

ਸੁਲੱਖਣ ਸਿੰਘ ਕੁਝ-ਕੁਝ ਸੰਭਲ ਗਿਆ, ਆਖਣ ਲਗਾ 'ਨਹੀਂ—ਨਹੀਂ! ਲੜਾਈ ਨਹੀ—ਉਹ ਦਾਰੋ ਨੇ ਮੈਨੂੰ ਅਜ ਬਾਹੋਂ ਫੜ ਲਿਆ ਸੀ—ਤੇ ਮੈਂ ਨਸ ਆਇਆ ਹਾਂ।' ਮੈਂ ਹੱਸ ਪਿਆ। 'ਵਾਹ ਓਏ ਸੁਲੱਖਣ ਸਿੰਘਾ—ਦੁਨੀਆਂ ਤੇ ਆਪਣੀ ਆਕੜ ਤੇ ਆਪਣੇ ਜ਼ੋਰ ਦਾ ਰੋਹਬ ਪਾਇਆ ਹੋਇਆ ਈ ਤੇ ਅਜ ਸ਼ੋਹਦੀ ਜਿਹੀ ਕੁੜੀ ਨੇ ਤੇਰਾ ਇਹ ਹਾਲ ਕਰ ਦਿਤਾ ਏ।" ਮੈਂ ਦਿਲ ਵਿਚ ਆਖਿਆ। ਦਾਰੋ ਖੈਰ ਸ਼ੋਹਦੀ ਜਿਹੀ ਕੁੜੀ ਤਾਂ ਨਹੀਂ ਸੀ, ਪੂਰੀ ਰੰਨ ਸੀ। ਮਰਦ-ਮਾਰ ਕਿਸਮ ਦੀ। ਕੁਵੇ ਤਾਂ ਪਿੰਡ ਦੇ ਕਿਸੇ ਗਭਰੂ ਦਾ ਕਦੀ ਹੌਂਸਲਾ ਨਹੀਂ ਸੀ ਪਿਆ ਪਈ ਦਾਰੋ ਦੇ ਸਾਹਮਣੇ ਖਲੋ ਕੇ ਇਕ ਅੱਧ ਗਲ ਕਰ ਲਵੇ। ਉਹ ਸੁਲੱਖਣ ਸਿੰਘ ਤੇ ਬੜੀ ਗਰਮ ਸੀ, ਪਰ ਸੁਲੱਖਣ ਜਾਂ ਤਾਂ ਉਹਦੇ ਕੋਲੋਂ ਅੱਖਾਂ ਮੀਟਕੇ ਲੰਘ ਆਉਂਦਾ ਸੀ ਜਾਂ ਉਹਦਾ ਰਾਹ ਛਡਕੇ ਦੂਜੇ ਰਾਹ ਤੇ ਹੋ ਜਾਂਦਾ ਸੀ ਤੇ ਦਾਰੋ ਸੁਲੱਖਣ ਨੂੰ ਮੁੰਡਿਆਂ ਵਾਂਗੂ ਮਖੌਲ ਕਰਕੇ ਲੰਘ ਜਾਂਦੀ ਸੀ।

ਤੇ ਇਹ ਤੇ ਸੁਲੱਖਣ ਸਿੰਘ ਦਾ ਹਾਲ ਸੀ। ਰੰਨ ਤੇ ਸੁਲੱਖਣ ਸਿੰਘ ਦੀ ਮੌਤ ਸੀ। ਉਹ ਅਕਸਰ ਆਂਹਦਾ ਹੁੰਦਾ ਸੀ "ਰਤਨ ਸਿੰਘਾ! ਜਦੋਂ ਰੰਨ ਸੂਰਮੇ ਵਿਚ ਵੜ ਜਾਵੇ ਤਾਂ ਸੂਰਮਾਂ ਸੂਰਮਾ ਨਹੀਂ ਰਹਿੰਦਾ—ਤੇ ਮੈਂ ਏਸੇ ਈ ਕਰਕੇ ਰੰਨ ਦੇ ਪਰਛਾਵੇਂ ਕੋਲੋਂ ਵੀ ਡਰਦਾ ਆਂ।'

ਚਾਰ ਵਰ੍ਹੇ ਪਿਛਾਂਹ ਦੀ ਗਲ ਏ। ਭਾਊ ਦਾ ਵਿਆਹ ਸੀ। ਸ਼ਾਹ ਵੇਲੇ ਜੰਞ ਟੁਰਨੀ ਸੀ। ਸੁਲੱਖਣ ਸਿੰਘ ਨੂੰ ਮਨਾਉਂਦਿਆ ਛੇ ਸਤ ਦਿਨ ਹੋ ਗਏ ਸਨ, ਪਰ ਉਹ ਲਤ ਈ ਨਹੀਂ ਸੀ ਲਾਉਂਦਾ,—'ਮੈਂ ਨਹੀਂਓ ਜਾਣਾਂ ਭਾਊ! ਮੈਂ

ਇੱਕ ਹੋਰ ਪੰਜ ਹਜ਼ਾਰੀ

# ਗੁਰਦਿਆਲ ਸਿੰਘ

(1975 ਲਈ ਸਾਹਿੱਤ-ਅਕਾਡਮੀ ਪੁਰਸਕਾਰ ਦਾ ਵਿਜੇਤਾ)

– ਕਰਮਜੀਤ ਸਿੰਘ



ਵੀਰਵਾਰ, ੧੧ ਦਸੰਬਰ ੧੯੭੫, ਦਿਨ ਦੇ ਸਾਢੇ ਬਾਰਾਂ ਵਜੇ। ਬ੍ਰਿਜਿੰਦਰ ਕਾਲਜ ਦਾ ਸਜਿਆ ਹੋਇਆ ਹਾਲ ਪ੍ਰਿੰਸੀਪਲ ਗੁਰਚਰਨ ਸਿੰਘ ਹੁਰਾਂ ਦੀ ਅਗਵਾਈ ਵਿਚ ਪ੍ਰੋਫੈਸਰ ਗੁਰਦਿਆਲ ਸਿੰਘ ਨੂੰ ਪੰਜਾਬੀ ਸਾਹਿੱਤ ਲਈ ਰਾਸ਼ਟਰੀ ਪੁਰਸਕਾਰ ਮਿਲਣ ਉਤੇ, ਬਣਦੀ ਫਬਦੀ ਵਧਾਈ ਦੀਆਂ ਸਲਾਹਾਂ ਲਈ, ਸਟਾਫ਼ ਦੀ ਬੈਠਕ। ਸਭ ਦੇ ਚਿਹਰੇ ਆਪਣੇ ਸਾਥੀ ਪ੍ਰੋਫੈਸਰ ਗੁਰਦਿਆਲ ਸਿੰਘ ਨੂੰ ਵਧਾਈ ਦੇਣ ਦੇ ਅਣਮਿਥੇ ਚਾਅ ਵਿਚ ਰੰਗੇ ਤੇ ਅਕੱਥ ਨਿਰਮਲ ਮੁਸਕਾਣਾਂ ਵਿਚ ਧੋਤੇ। ਇਕ ਚਾਅ ਚਾਅ, ਇਕ ਨਿੱਘ ਨਿੱਘ। ਗੀਤ ਗਾਣ ਪਿਛੋਂ ਦਾ, ਫ਼ਿਜ਼ਾ ਵਿਚ ਕੰਬਦਾ ਸਕੂਨ। ਸ਼ਾਂਤੀ, ਮਧੁਰਤਾ, ਹਵਾ ਵਿਚ ਗੂੰਜਦਾ ਆਤਮਕ ਹੁਲਾਸ ਤੇ ਗੁੰਗੀਆਂ ਖ਼ੁਸ਼ੀਆਂ ਦਾ ਸੰਗੀਤ। ਜਜ਼ਬਿਆਂ ਦੇ ਜਲੌ ਦੀ ਅਤਿ ਰਾਂਗਲੀ ਝਿਲਮਿਲ। ਗੇਂਦੇ, ਗੁਲਾਬ ਤੇ ਗੁਲਦਾਉਦੀਆਂ ਦੀਆਂ ਗਲ ਬਾਹਾਂ ਪਾਂਦੀਆਂ ਪਹਿਲ ਸੁਗੰਧੀਆਂ। ਲੰਮੇ ਲੰਮੇ, ਭਾਰੇ ਭਾਰੇ ਵਧਾਈਆਂ ਦੇ ਹਾਰਾਂ ਨਾਲ ਲਿਫਿਆ ਹੋਇਆ ਗੁਰਦਿਆਲ ਸਿੰਘ ਦਾ ਕਾਠਾ, ਇਕਹਿਰਾ ਜਿਸਮ।

ਪ੍ਰੋਫੈਸਰ ਮਾਥੁਰ ਨੇ ਅਨੋਖੇ ਚਾਅ ਨਾਲ ਬੈਠਕ ਦਾ ਮਨੋਰਥ ਦਸਿਆ। ਲਫ਼ਜ਼ ਉਨ੍ਹਾਂ ਦੇ ਅਣਮਿਣੇ ਚਾਅ ਦਾ ਸਾਥ ਨਹੀਂ ਸਨ ਦੇ ਰਹੇ। ਬਹੁਤ ਕੁਝ ਅਣਕਿਹਾ ਉਨ੍ਹਾਂ ਦੇ ਚਿਹਰੇ ਤੋਂ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ।

ਪ੍ਰਿੰਸੀਪਲ ਗੁਰਚਰਨ ਸਿੰਘ ਹੋਰਾਂ ਨੇ ਪ੍ਰੋਫੈਸਰ ਗੁਰਦਿਆਲ ਸਿੰਘ ਦੇ ਨਾਲ ਦੀ ਕੁਰਸੀ ਉਤੋਂ ਪੰਜਾਬੀ ਵਿਭਾਗ ਦੇ ਮੁਖੀ, ਡਾਕਟਰ ਤਿਰਲੋਚਨ ਸਿੰਘ ਬੇਦੀ ਨੂੰ ਬੋਲਣ ਲਈ ਕਿਹਾ। ਚਾਅ ਨਾਲ ਗੁਟਕਦੇ ਡਾ: ਬੇਦੀ ਸਟਾਫ਼ ਦੀ ਇਸ ਅਨੋਖੀ, ਖ਼ੁਸ਼ੀਆਂ ਦੀ ਟੀਸੀ ਉਤੇ ਬੈਠੀ ਸਭਾ ਨੂੰ ਸੰਬੋਧਨ ਹੁੰਦੇ ਆਪੇ ਵਿਚ ਮਿਉਂਦੇ ਨਹੀਂ ਸਨ। ਆਖ਼ਰ ਗੁਰਦਿਆਲ ਸਿੰਘ ਹੋਰੀਂ ਪੰਜਾਬੀ ਦੇ ਪ੍ਰੋਫੈਸਰ ਹਨ। ਉਨ੍ਹਾਂ ਦਾ ਇਨਾਮ ਪੰਜਾਬੀ ਵਿਭਾਗ ਦਾ ਇਨਾਮ ਹੈ, ਬ੍ਰਿਜਿੰਦਰ ਕਾਲਜ ਦਾ ਇਨਾਮ, ਫ਼ਰੀਦਕੋਟ ਦਾ, ਸਾਰੇ ਜ਼ਿਲੇ ਦਾ ਤੇ ਫਿਰ ਸਾਰੇ ਪੰਜਾਬ ਦਾ ਇਨਾਮ ਹੈ।

ਚਾਅ ਨਾਲ ਮੱਤੇ ਸ਼ਬਦ ਜਿਵੇਂ ਬਿਜਲਾਏ ਹੋਏ ਮੂੰਹੋਂ ਨਿਕਲ ਰਹੇ ਸਨ। ਅਤੇ ਸਰੋਤੇ ਇਕ ਇਕ ਸ਼ਬਦ ਨੂੰ ਆਪਣੇ ਦਿਲਾਂ ਦੀ ਧੜਕਣ ਨਾਲ ਤਾਲਮਈ ਸੰਗਤ ਦੇ ਰਹੇ ਸਨ। ਇਸ ਵਿਚ ਪ੍ਰਿੰਸੀਪਲ ਦਾ ਇਸ਼ਾਰਾ ਕਿ ਇਸ ਤੋਂ ਪਿਛੋਂ ਮੈਂ ਤਿਆਰ ਰਹਾਂ। ਡਾ: ਬੇਦੀ ਦੀ ਵਧਾਈ। ਸ਼ਰਧਾਂਜਲੀ; ਪੰਜਾਬੀ ਸਾਹਿੱਤ ਨੂੰ ਪ੍ਰੋਫੈਸਰ ਗੁਰਦਿਆਲ ਸਿੰਘ ਦੀ ਦੇਣ ਦੀ ਬਾਤ, ਨਿੱਕੀ ਨਿੱਕੀ ਕਣੀ ਦੇ ਮੀਂਹ ਵਾਂਗ ਹੋਲੀ ਹੋਲੀ ਅਡੋਲ ਹੋਈ। ਤੇ ਫਿਰ ਤਾਲੀਆਂ ਹੀ ਠੁਮਰੀ।

'ਪ੍ਰੋ: ਕਰਮਜੀਤ ਸਿੰਘ,' ਪ੍ਰਿੰਸੀਪਲ ਸਾਹਿਬ ਦੀ ਆਵਾਜ਼। ਮੈਂ ਜਿਵੇਂ ਸੁਪਨੇ ਵਿਚੋਂ ਜਾਗਿਆ, ਅਭੜਵਾਹੇ। ਹੱਥ ਕੰਬਦੇ, ਹੋਠ ਕੰਬਦੇ, ਲਫ਼ਜ਼ ਕੰਬਦੇ। ਮਨ ਵਿਚ ਸੈਂਕੜੇ ਖ਼ਿਆਲ ਦਗੜ ਦਗੜ ਕਰਦੇ। 'ਮੈਂ ਕੀ ਛੱਡਾਂ ਤੇ ਕੀ ਫੜਾਂ ਮੈਨੂੰ ਸੱਤੇ ਰੰਗ ਪਸੰਦ।' ਗੁਰਦਿਆਲ ਸਿੰਘ ਦੀ ਸਦਾ ਮੁਸਕਰਾਂਦੀ ਉੱਜਲ ਦੋਸਤੀ ਦੀ ਕੋਸੀ ਕੋਸੀ ਧੁੱਪ। ਬੋਲੇ ਗਏ ਤੇ ਬੋਲੇ ਜਾ ਰਹੇ ਇਕ ਇਕ ਸਬਦ ਨੂੰ ਰੂਹ ਵਿਚ ਉਤਾਰ ਲੈਣ ਲਈ ਉਤਾਵਲੀ ਮਿੱਤਰ ਮੰਡਲੀ ਦੀ ਬਿਹਬਲਤਾ। ਇਕ ਅੱਖ ਬੋਲਣ ਵਾਲੇ ਉਤੇ ਤੇ ਦੂਜੀ ਗੁਰਦਿਆਲ ਸਿੰਘ ਉਤੇ, ਉਸ ਦੇ ਹਾਵ ਭਾਵ ਤੱਕਦੀ। ਪੈਰਾਂ ਹੇਠੋਂ ਮਿੱਟੀ ਕੱਢਦਾ ਖ਼ੁਸ਼ੀ ਦਾ ਹੜ੍ਹ।

ਖ਼ੁਸ਼ੀ ਨਾਲ ਕੰਬਦੇ ਹੱਥ ਜੇਬਾਂ ਵਿਚ ਪਾਈ ਮੈਂ ਸਭਾ ਦੇ ਸਾਹਮਣੇ ਆ ਖਲੋਤਾ।

ਗੁਰਦਿਆਲ ਸਿੰਘ ਹੋਰਾਂ ਨੂੰ ਰਾਸ਼ਟਰੀ ਸਾਹਿੱਤ ਅਕਾਦਮੀ ਦੇ ਪੁਰਸਕਾਰ ਦਾ ਮਿਲਣਾ ਯਕੀਨੀ ਤੌਰ ਤੇ ਬ੍ਰਿਜਿੰਦਰ ਕਾਲਜ ਵਿਚ ਇਤਿਹਾਸ ਦੀ ਸਿਰਜਣਾ ਦਾ ਅਨੋਖਾ ਛਿਣ ਹੈ। ਇਹ ਬਹੁਤ ਵੱਡੀ ਘਟਨਾ ਹੈ; ਪਰ ਗੁਰਦਿਆਲ ਸਿੰਘ ਇਸ ਘਟਨਾ ਤੋਂ ਕਿਤੇ ਵੱਡਾ ਹੈ। ਸਾਧਨਾ, ਤਪੱਸਿਆ ਤੇ ਜਿਗਿਆਸਾ ਦਾ ਵੇਗ ਕਿਸੇ ਇਨਾਮ ਨਾਲ ਨਹੀਂ ਤੁਲਦਾ। ਕੋਈ ਇਨਾਮ ਪ੍ਰਤਿਭਾ ਦੀ ਸੀਮਾ ਨਹੀਂ ਨਿਸਚਿਤ ਕਰ ਸਕਦਾ। ਰਚਨਾ ਇਕ ਵੇਗ ਹੈ, ਜੋ ਵਲੇਲ ਵਾਂਗ ਅੰਦਰੋਂ ਉਠਦੀ ਹੈ। ਇਨਾਮ ਪ੍ਰਤਿਭਾ ਦੇ ਅੱਗੇ ਨਹੀਂ, ਪਿਛੇ ਤੁਰਦੇ ਹਨ। ਸਾਹਿੱਤ ਅਕਾਡਮੀ ਪੁਰਸਕਾਰ ਭਾਰਤ ਵਿਚ ਲੇਖਕ ਲਈ ਬਹੁਤ ਵੱਡੀ ਪ੍ਰਾਪਤੀ ਹੈ। ਪਰ

ਜਿੰਨੀ ਵੱਡੀ ਪ੍ਰਾਪਤੀ ਹੈ, ਉਸ ਤੋਂ ਵੀ ਵੱਡੀ ਵੰਗਾਰ ਹੈ। ਕਿਉਂਕਿ ਜਿਸ ਨੇ ਜੀਊਣਾ ਹੈ, ਉਸ ਨੂੰ ਹਰ ਇਨਾਮ ਤੋਂ ਵੱਡਾ ਹੋ ਕੇ ਜੀਊਣਾ ਪਵੇਗਾ। ਕਈ ਥੋੜੇ ਲੇਖਕ ਪੁਰਸਕਾਰਾਂ ਦੀ ਧੂੜ ਹੇਠ ਸਦਾ ਲਈ ਦੱਬ ਕੇ ਰਹਿ ਜਾਂਦੇ ਹਨ। ਪਰ ਗੁਰਦਿਆਲ ਸਿੰਘ ਦਾ ਕੱਦ ਬਹੁਤ ਉੱਚਾ ਹੈ। ਇਨਾਮਾਂ ਦੇ ਭਾਰ ਹੇਠ ਦੱਬਣ ਵਾਲਾ ਨਹੀਂ। ਉਸ ਦੀ ਅਡੋਲ ਸਾਦਗੀ ਵਿਚ ਕਹਾਣੀਆਂ ਦੇ ਅਨੇਕਾਂ ਤੂਫ਼ਾਨ ਉਥਲਪੁੱਥਲ ਕਰ ਰਹੇ ਨੇ। ਉਸ ਦਾ ਸਿਰੜ, ਉਸ ਦੀ ਲਗਨ, ਉਸ ਦੀ ਸੁਹਿਰਦਤਾ ਤੇ ਨੀਝ ਸਦਾ ਗਤੀਸ਼ੀਲ ਹਨ। ਇਨਾਮ ਦੀ ਛਾਂ ਹੇਠ ਸੁਸਤਾਣ ਦਾ ਉਸ ਕੋਲ ਵਕਤ ਨਹੀਂ।

ਉਹ ਪੰਜਾਬੀ ਵਿਚ ਛੋਟਾ ਲੇਖਕ ਸ਼ਾਇਦ ਕਦੇ ਵੀ ਨਹੀਂ ਸੀ। ਸਾਦਾ, ਸੰਗਾਊ ਤੇ ਸਨਿਮਰ ਹੋਣ ਕਰ ਕੇ ਕਈ ਨਿੱਕੇ ਨਿੱਕੇ ਪਿਊਂਦੀ ਲੋਕਾਂ ਨੂੰ ਉਹ ਛੋਟਾ ਵੀ ਦਿਸਿਆ ਹੋਵੇਗਾ। ਪਰ ਉਸ ਦੀ ਪੁਲਾਂਘ ਵਿਚ ਸਫ਼ਾਂ ਚੀਰ ਕੇ ਅੱਗੇ ਜਾ ਖਲੋਣ ਵਾਲੀ ਕਰਤਾਰੀ ਉਤਾਵਲ ਤੇ ਤੇਜ਼ ਵੇਖਣ ਵਾਲੀਆਂ ਅੱਖਾਂ ਨੇ ਪਹਿਲੇ ਦਿਨ ਹੀ ਤਾੜ ਲਏ ਸਨ। ਗੁਰਦਿਆਲ ਸਿੰਘ ਪੰਜਾਬੀ ਸਾਹਿੱਤ ਵਿਚ ਹੋਰ ਵੀ ਹਨ, ਪਰ 'ਬਕੱਲਮਖ਼ੁਦ,' 'ਸੱਗੀ ਫੁੱਲ' ਅਤੇ 'ਮੜ੍ਹੀ ਦਾ ਦੀਵਾ' ਵਾਲਾ ਗੁਰਦਿਆਲ ਸਿੰਘ ਸਿਰਫ਼ ਇਕੋ ਹੈ। ਤੇ ਰਾਸ਼ਟਰੀ ਸਾਹਿੱਤ ਅਕਾਦਮੀ ਦੇ ਇਨਾਮ ਦੀ ਸਿਖਰ ਨੂੰ ਛੂੰਹਣ ਵਾਲਾ ਗੁਰਦਿਆਲ ਸਿੰਘ ਵੀ ਉਹ ਇਕੱਲਾ ਹੈ। ਤੇ ਉਹ ਗੁਰਦਿਆਲ ਸਿੰਘ ਸਾਡਾ ਹੈ। ਬ੍ਰਿਜਿੰਦਰ ਕਾਲਜ ਦਾ ਹੈ, ਫ਼ਰੀਦਕੋਟ ਦਾ ਹੈ। ਗੁਰਦਿਆਲ ਸਿੰਘ ਨੂੰ ਵਧਾਈ ਆਪਣੇ ਆਪ ਨੂੰ ਵਧਾਈ ਹੈ, ਸਾਡੀ ਆਪਣੀ ਖ਼ੁਸ਼ੀ ਤੇ ਖ਼ੁਸ਼ਕਿਸਮਤੀ ਹੈ। ਸਾਡੀ ਖ਼ੁਸ਼ੀ ਤੇ ਸਾਡੀ ਵਧਾਈ ਅਮੁੱਕ ਹੈ ਤੇ ਗੁਰਦਿਆਲ ਸਿੰਘ ਦੀ ਸਾਧਨਾ ਤੇ ਯਾਤਰਾ ਵੀ ਅਨੰਤ ਹੈ। ਸਾਡਾ ਇਹ ਅਕੀਦਾ ਹੀ ਗੁਰਦਿਆਲ ਸਿੰਘ ਨੂੰ ਸਾਡੀ ਅਸਲ ਵਧਾਈ ਹੈ।

ਗੁਰਦਿਆਲ ਸਿੰਘ ਨੂੰ ਇਹ ਇਨਾਮ ਮੁਕਾਬਲਤਨ ਛੋਟੀ ਉਮਰ ਵਿਚ ਪ੍ਰਾਪਤ ਹੋਇਆ ਹੈ। ਇਹ ਐਵਾਰਡ ਸਹੀ ਅਰਥਾਂ ਵਿਚ ਸਾਹਿੱਤ ਅਕਾਡਮੀ ਦਾ ਉਨ੍ਹਾਂ ਦੀ ਤੇਜਸਵੀ ਪ੍ਰਤਿਭਾ ਨੂੰ ਸੈਲਯੂਟ ਹੈ। ਅਜਿਹੇ ਸੈਲਯੂਟ ਨਾਲ ਪੁਰਸਕਾਰ ਦੇਣ ਵਾਲੀਆਂ ਸੰਸਥਾਵਾਂ ਦਾ ਆਦਰ ਵੀ ਵਧਦਾ ਹੈ।

ਮੈਂ ਜੋ ਵੀ ਕਿਹਾ, ਮੈਨੂੰ ਲੱਗ ਰਿਹਾ ਸੀ, ਮੇਰੇ ਲਫ਼ਜ਼ ਹੀ ਮੈਨੂੰ ਬੋਲ ਰਹੇ ਸਨ। ਮੈਂ ਨਹੀਂ ਸਾਂ ਬੋਲ ਰਿਹਾ। ਮੇਰੇ ਬਾਅਦ ਪ੍ਰੋਫੈਸਰ ਵਿਨੋਦ ਨੇ ਬੋਲਣਾ ਸੀ। ਉਸ ਨੂੰ ਵਾਰਨਿੰਗ ਮਿਲ ਚੁਕੀ ਸੀ। ਪ੍ਰਿੰਸੀਪਲ ਗੁਰਚਰਨ ਸਿੰਘ ਹੋਰਾਂ ਅਜੀਬ ਖ਼ੁਸ਼ੀਆਂ ਦੀ ਹੋਲੀ ਰਚ ਦਿਤੀ ਸੀ। ਰੂਹ ਦੀਆਂ ਖ਼ੁਸ਼ੀਆਂ ਦੀ ਬੇਕਰਾਰੀ ਦੇ ਟਟਹਿਣੇ ਫੜਨ ਦਾ ਅਜੀਬ ਵਾਤਾਵਰਣ ਪੈਦਾ ਹੋ ਗਿਆ।

ਮੇਰੇ ਵਾਂਗ ਜੇਬਾਂ ਵਿਚ ਹੱਥ ਪਾਈ ਪ੍ਰੋਫੈਸਰ ਵਿਨੋਦ ਵੀ ਸਾਹਮਣੇ ਆਏ। ਆਖ਼ਰ ਜਜ਼ਬੇ ਦੀ ਤੀਖਣਤਾ ਵਿਚ ਕੰਬਦੇ ਹੱਥਾਂ ਦਾ ਕੋਈ ਕੀ ਕਰੇ? ਪ੍ਰੋਫੈਸਰ ਵਿਨੋਦ ਬੋਲਣ ਲੱਗੇ, ਜਿਵੇਂ ਕੋਈ ਸੁਰ ਹੋਈ ਵੀਣਾ ਆਪੇ ਲਰਜ਼ ਉਠੇ।

ਪ੍ਰੋਫੈਸਰ ਗੁਰਦਿਆਲ ਸਿੰਘ ਦੀ ਸਾਧਨਾ, ਲਗਨ ਅਤੇ ਮਿਹਨਤ ਦਾ ਵਿਸਥਾਰ ਸ਼ਾਇਦ ਕਹਾਣੀ ਵਾਂਗ ਪ੍ਰਤੀਤ ਹੋਵੇ। ਇਕ ਵਾਰ ਗੁਰਦਿਆਲ ਸਿੰਘ ਹੋਰਾਂ ਪਾਸ ਮੈਨੂੰ ਕੁਝ ਦਿਨ ਠਹਿਰਣ ਦਾ ਇਤਫ਼ਾਕ ਹੋਇਆ। ਉਨ੍ਹਾਂ ਨੇ ਮੈਨੂੰ ਉਹ ਸੰਦੂਕ ਵਿਖਾਇਆ, ਜੋ ਬੇਅੰਤ ਖਰੜਿਆਂ ਨਾਲ ਭਰਿਆ ਪਿਆ ਸੀ। 'ਮੜ੍ਹੀ ਦਾ ਦੀਵਾ' ਦੇ ਛਪਣ ਤੋਂ ਪਹਿਲਾਂ ਦੇ ਕਈ ਖਰੜੇ ਨਜ਼ਰੀਂ ਪਏ ਤੇ ਹੋਰ ਕਈ ਛਪਣ-ਗੋਚਰੀਆਂ ਪਈਆਂ ਕਹਾਣੀਆਂ ਤੇ ਨਾਵਲ। ਗੁਰਦਿਆਲ ਸਿੰਘ ਹੋਰਾਂ ਨੇ ਛਪਣ ਦੀ ਕਾਹਲ ਕਦੇ ਨਹੀਂ ਕੀਤੀ। ਛਪਣ ਤੋਂ ਪਹਿਲਾਂ ਆਪਣੀ ਰਚਨਾ ਨੂੰ ਆਪ ਹੀ ਕਈ ਵਾਰ ਆਪਣੀ ਕਸਵੱਟੀ ਉਤੇ ਪਰਖਿਆ ਹੈ। ਉਨ੍ਹਾਂ ਬੇਅੰਤ ਖਰੜਿਆਂ ਨੂੰ ਵੇਖ ਕੇ ਯਕੀਨ ਹੋਇਆ ਕਿ ਛਪੀਆਂ ਹੋਈਆਂ ਰਚਨਾਵਾਂ ਤੋਂ ਗੁਰਦਿਆਲ ਸਿੰਘ ਹੋਰਾਂ ਦੇ ਕੱਦ ਕਾਠ ਦਾ ਅੰਦਾਜ਼ਾ ਕਰਨਾ ਕਠਨ ਹੈ। ਮੇਰੀ ਖ਼ੁਸ਼ਕਿਸਮਤੀ ਸੀ ਕਿ ਇਨ੍ਹਾਂ ਨੇ ਮੈਨੂੰ ਉਸ ਸੰਦੂਕ ਵਿਚ ਪਏ ਖਰੜਿਆਂ ਦੇ ਦਰਸ਼ਨ ਕਰਵਾਏ।

ਦੂਜੀ ਗੱਲ ਹੈ ਮਾਲਵੇ ਦੇ ਪਿੰਡਾਂ ਦੀ ਚਿਤਰਕਾਰੀ ਬਾਰੇ। ਮਾਲਵੇ ਦੇ ਪਿੰਡਾਂ ਦੀ ਜਿੰਨੀ ਯਥਾਰਥਕ ਚਿਤਰਕਾਰੀ ਗੁਰਦਿਆਲ ਸਿੰਘ ਦੇ ਨਾਵਲਾਂ ਤੇ ਕਹਾਣੀਆਂ ਵਿਚ ਹੋਈ ਹੈ ਉਸ ਦੀ ਮਿਸਾਲ ਹੋਰ ਕਿਸੇ ਸਾਹਿਤਕਾਰ ਦੀਆਂ ਰਚਨਾਵਾਂ ਵਿਚ ਨਹੀਂ ਮਿਲਦੀ। ਸਰਦਾਰ ਗੁਰਦਿਆਲ ਸਿੰਘ ਵਿਚ ਮਾਲਵੇ ਨੂੰ ਆਪਣੀ ਰੂਹ ਦਾ ਸੱਚਾ ਚਿਤਰਕਾਰ ਮਿਲਿਆ ਹੈ ਜੋ ਸੱਚ ਮੁਚ ਮਾਲਵੇ ਦੀ ਖ਼ੁਸ਼ਕਿਸਮਤੀ ਹੈ। ਇਸ ਲਈ ਮੈਂ ਸਮਝਦਾ ਹਾਂ ਗੁਰਦਿਆਲ ਸਿੰਘ ਹੋਰਾਂ ਦੇ ਰਾਸ਼ਟਰੀ ਪੁਰਸਕਾਰ ਨਾਲ ਮਾਲਵੇ ਦੇ ਇਸ ਇਲਾਕੇ ਦਾ ਵੀ ਮਾਣ ਨਾਲ ਸਿਰ ਉੱਚਾ ਹੋਇਆ ਹੈ।

ਗੁਰਦਿਆਲ ਸਿੰਘ ਹੋਰੀਂ ਅਤਿ ਨਿਮਰਤਾ ਵਿਚ ਆਪਣੀ ਉਸਤਤ ਅਤੇ ਵਧਾਈ ਦੇ ਭਾਰ ਹੇਠਾਂ ਕੁੰਗੜਦੇ ਜਾ ਰਹੇ ਸਨ। ਪ੍ਰਿੰਸੀਪਲ ਗੁਰਚਰਨ ਸਿੰਘ ਹੋਰੀਂ ਅਚਾਨਕ ਉੱਠੇ ਤੇ ਆਪਣੇ ਕੱਦ ਕਾਠ ਵਰਗੀ ਲੰਮੀ ਫੁੱਲ ਮਾਲਾ ਗੁਰਦਿਆਲ ਸਿੰਘ ਦੇ ਗਲ ਵਿਚ ਪਾਈ। ਇਕ ਹਾਰ ਡਾ. ਹਰਲੋਚਨ ਸਿੰਘ ਬੇਦੀ ਨੇ ਪੰਜਾਬੀ ਵਿਭਾਗ ਵੱਲੋਂ ਪਾਇਆ ਤੇ ਇਕ ਹੋਰ ਸਟਾਫ਼ ਸਕੱਤਰ ਪ੍ਰੋਫੈਸਰ ਮਾਥੁਰ ਨੇ ਸਾਰੇ ਸਟਾਫ਼ ਵੱਲੋਂ। ਇਸ ਦੌਰਾਨ ਤਾਲੀਆਂ ਦੀ ਗੂੰਜ ਦੀਆਂ ਕਿੰਨ ਲਹਿਰਾਂ ਉੱਠੀਆਂ। ਹਰ ਕੋਈ ਤਾਲੀਆਂ ਰਾਹੀਂ ਪੁਸ਼ਪ-ਹਾਰਾਂ ਦੀ ਸੁਗੰਧ ਵਿਚ ਜਾ ਰਲਣਾ ਚਾਹੁੰਦਾ ਸੀ।

ਹੁਣ ਪ੍ਰਿੰਸੀਪਲ ਸਾਹਿਬ ਨੇ ਆਪ ਕੁਝ ਕਹਿਣਾ ਸੀ। ਬੜੀ ਜਲਾਲ ਭਰੀ ਸਿਕਨਾਤੀਸੀ ਖ਼ੁਸ਼ੀ ਅਤੇ ਰੰਗ ਸੀ ਉਨ੍ਹਾਂ ਦੇ ਚਿਹਰੇ ਉਤੇ। ਹਾਲ ਉਨ੍ਹਾਂ ਦੀ ਵਿਸ਼ਾਲ ਮੁਸਕਰਾਹਟ ਨਾਲ ਭਰਿਆ ਲਗਦਾ ਸੀ। ਅਜਿਹੀ ਲਹਿਰ ਵਿਚ ਆ ਕੇ ਉਨ੍ਹਾਂ ਬੋਲਣਾ ਸ਼ੁਰੂ ਕੀਤਾ। ਲਫ਼ਜ਼ਾਂ ਵਿਚ ਅਜੀਬ ਖ਼ੁਮਾਰ ਤੇ ਲਚਕ, ਗੱਲਾਂ ਵਿਚ ਹਾਸ ਤੇ ਵਿਨੋਦ ਦੀ ਆਬਸ਼ਾਰ। ਸਟਾਫ਼ ਨੇ ਆਪਣੇ ਪ੍ਰਿੰਸੀਪਲ ਨੂੰ ਏਨੇ ਰੰਗ ਵਿਚ ਕਦੇ ਨਹੀਂ ਸੀ ਤੱਕਿਆ। ਖ਼ੁਸ਼ੀ ਦੀਆਂ ਪਿਚਕਾਰੀਆਂ, ਗੁਲਾਲ ਦੀ ਧੂੜ, ਹੋਲੀ ਦੇ ਅਨੇਕ ਰੰਗ।

ਬ੍ਰਿਜਿੰਦਰਾ ਕਾਲਿਜ ਵਾਸਤੇ, ਫ਼ਰੀਦਕੋਟ ਦੇ ਇਸ ਪਛੜੇ ਹੋਏ ਇਲਾਕੇ ਵਾਸਤੇ, ਗੁਰਦਿਆਲ ਸਿੰਘ ਹੋਰਾਂ ਦੀ ਜਨਮ ਭੂਮੀ ਜੈਤੋ ਵਾਸਤੇ, ਪ੍ਰੋਫੈਸਰ ਗੁਰਦਿਆਲ ਸਿੰਘ ਹੋਰਾਂ ਦਾ ਸਾਹਿਤ ਅਕਾਡਮੀ ਐਵਾਰਡ ਯਕੀਨੀ ਤੌਰ ਤੇ ਬੜੀ ਵੱਡੀ ਪ੍ਰਾਪਤੀ ਹੈ। ਗੁਰਦਿਆਲ ਸਿੰਘ ਹੋਰਾਂ ਦੀ ਉੱਚੀ ਪ੍ਰਤਿਭਾ ਨੂੰ ਇਹ ਪੁਰਸਕਾਰ, ਉਨ੍ਹਾਂ ਦੀ ਕਲਾ ਸਾਧਨਾ, ਉਨ੍ਹਾਂ ਦੀ ਬੰਦਗੀ ਦੇ ਹੱਕ ਦੀ ਅਦਾਇਗੀ ਦੀ ਇਕ ਕੋਸ਼ਿਸ਼ ਹੈ। ਇਹ ਹੱਕ ਕਦੇ ਅਦਾ ਨਹੀਂ ਹੁੰਦਾ। ਨਾ ਕਦੇ ਕਲਾਕਾਰ ਇਨਾਮਾਂ ਦੀ ਲਾਲਸਾ ਨਾਲ ਲਿਖਦਾ ਹੈ।

ਪਰ ਮੈਂ ਕਈ ਵੱਡੇ ਵੱਡੇ ਲੋਕ ਇਸ ਇਨਾਮ ਲਈ ਜੁੱਤੀਆਂ ਘਸਾਂਦੇ ਤੇ ਬੜਾ ਬੜਾ ਖ਼ਰਚ ਕਰਦੇ ਵੇਖੇ ਨੇ। ਕਿਤਾਬ ਲਿਖ ਕੇ ਲੋਕ ਇਨਾਮਾਂ ਦੀ ਦੌੜ ਵਿਚ ਕੁੱਦ ਪੈਂਦੇ ਹਨ। ਇਨਾਮ ਮਿਲੇ ਨਾ ਮਿਲੇ, ਸਿਰ ਧੜ ਦੀਆਂ ਬਾਜ਼ੀਆਂ ਲਗ ਜਾਂਦੀਆਂ ਹਨ। ਪਰ ਪ੍ਰੋਫ਼ੈਸਰ ਗੁਰਦਿਆਲ ਸਿੰਘ ਹੋਰਾਂ ਦੀ ਅਜੀਬ ਸਾਧੂ ਤਬੀਅਤ ਵੇਖੀ ਹੈ। ਪਿਛਲੇ ਦੋ ਤਿੰਨ ਸਾਲ ਤੋਂ ਲਗਾਤਾਰ ਉਨ੍ਹਾਂ ਦਾ ਬੜਾ ਭਾਰੀ ਹਕ ਬਣਦਾ ਆ ਰਿਹਾ ਸੀ, ਪਰ ਉਹ ਫ਼ਰੀਦਕੋਟ ਤੋਂ ਬਾਹਰ ਨਿਕਲੇ ਹੀ ਨਹੀਂ, ਸਿਵਾਏ ਜੈਤੋ ਜਾਣ ਦੇ।

ਤੁਸੀਂ ਵੇਖੋ, ਏਡਾ ਵੱਡਾ ਸਾਹਿੱਤਕਾਰ ਤੇ ਏਨੀ ਨਿਮਰਤਾ ਤੇ ਏਨੀ ਸਾਦਗੀ। ਲੋਕ ਚਾਰ ਲੇਖ ਲਿਖ ਕੇ, ਤੇ ਇਕ ਕਿਤਾਬ ਛਾਪ ਕੇ ਨੱਕੋਂ ਠੂਹੇਂ ਡੇਗਣ ਲਗ ਜਾਂਦੇ ਨੇ। ਹੋਰ ਨਹੀਂ ਸਿਗਰਟਾਂ ਹੀ ਫੂਕੀ ਜਾਣਗੇ, ਚਾਹ ਤੇ ਕਾਫ਼ੀ ਦੇ ਕਈ ਕਈ ਕੱਪ ਪੀਵੀ ਜਾਣਗੇ, ਸ਼ਰਾਬ ਪੀ ਕੇ ਆਪਣੇ ਲਿਖਾਰੀ ਹੋਣ ਦਾ ਸਬੂਤ ਦੇਣਗੇ। ਪਰ ਇਸ ਦੇ ਉਲਟ ਗੁਰਦਿਆਲ ਸਿੰਘ ਹੋਰਾਂ ਨੂੰ ਤੁਸੀਂ ਆਪ ਹੀ ਵੇਖ ਲਉ, ਮੇਰਾ ਮਤਲਬ ਐ, ਇਹ ਤਾਂ ਬਾਹਲੇ ਈ ਸ਼ਰੀਫ਼ ਨੇ। ਕਈ ਤਾਂ ਇਤਬਾਰ ਈ ਨਹੀਂ ਕਰਦੇ। ਉਹ ਕਹਿੰਦੇ ਨੇ ਏਨਾ ਸ਼ਰੀਫ਼ ਆਦਮੀ ਰਾਈਟਰ ਕਿਵੇਂ ਹੋ ਸਕਦਾ ਏ!

ਮੇਰਾ ਗੁਰਦਿਆਲ ਸਿੰਘ ਹੋਰਾਂ ਨਾਲ ਸੰਬੰਧ ਪ੍ਰਿੰਸੀਪਲ ਤੇ ਪ੍ਰੋਫੈਸਰ ਵਾਲਾ ਹੀ ਨਹੀਂ। [illegible] ਸੰਬੰਧ ਹੈ ਜੋ ਇਨ੍ਹਾਂ ਨੂੰ ਮਿਲਣ ਤੋਂ ਪਹਿਲਾਂ [illegible] ਤੇ ਹੀ ਬਣ ਗਿਆ ਸੀ ਜੋ ਮਿਲਣ ਤੋਂ ਬਾਅਦ ਹੋਰ ਡੂੰਘਾ ਹੁੰਦਾ ਚਲਾ ਗਿਆ ਹੈ। ਕਲਾਕਾਰ ਤਾਂ ਇਹ ਸਭ ਤੋਂ ਉੱਤੇ ਹਨ ਹੀ, ਬਤੌਰ ਇਨਸਾਨ ਵੀ ਇਨ੍ਹਾਂ ਨੇ ਮੈਨੂੰ ਹਮੇਸ਼ਾ ਬਹੁਤ ਪ੍ਰਭਾਵਿਤ ਕੀਤਾ ਹੈ। ਨੇਕ ਸੁਭਾ ਧੀਰਜਵਾਨ, ਮਿਹਨਤੀ, ਪੂਜ ਕੇ ਸਾਦਾ ਤੇ ਏਨੀ ਪ੍ਰਤਿਭਾ ਦੇ ਮਾਲਕ; ਬਹੁਤ ਘੱਟ ਐਨੀਆਂ ਸ਼ਖ਼ਸੀਅਤਾਂ ਮੇਰੇ ਸੰਪਰਕ ਵਿਚ ਆਈਆਂ ਨੇ। ਤੇ ਇਨ੍ਹਾਂ ਦਾ ਸਨਮਾਨ ਸ਼ਖ਼ਸੀ ਤੌਰ ਤੇ ਸਾਡਾ ਸਾਰਿਆਂ ਦਾ ਸਨਮਾਨ ਹੈ। ਇਨ੍ਹਾਂ ਦੀ ਖ਼ੁਸ਼ੀ ਸਾਂਝੀ ਖ਼ੁਸ਼ੀ ਹੈ। ਬਲਕਿ ਸਾਡੀ ਖ਼ੁਸ਼ੀ ਤਾਂ ਇਕ ਤਰ੍ਹਾਂ ਇਹਨਾਂ ਦੀ ਖ਼ੁਸ਼ੀ ਨਾਲੋਂ ਵੀ ਵੱਡੀ ਹੈ। ਇਨ੍ਹਾਂ ਕੋਲ ਤਾਂ ਇਨ੍ਹਾਂ ਦੀ ਪ੍ਰਾਪਤੀ ਹੈ, ਰਾਸ਼ਟਰੀ ਸਨਮਾਨ ਹੈ। ਅਸੀਂ ਤਾਂ ਇਕੱਲੀ ਖ਼ੁਸ਼ੀ ਨਾਲ ਹੀ ਇਨ੍ਹਾਂ ਦੇ ਨਾਲ ਰਲਣਾ ਹੈ। ਛੋਟੀ ਖ਼ੁਸ਼ੀ ਨਾਲ ਸਾਡਾ ਤਾਂ ਗੁਜ਼ਾਰਾ ਹੀ ਨਹੀਂ। ਇਹ ਤਾਂ ਪੂਜ ਕੇ ਸੰਗਾਊ ਨੇ, ਇਸ ਖ਼ੁਸ਼ੀ ਦੇ ਸਮਾਗਮ ਵਿਚ ਵੀ ਤੁਸੀਂ ਵੇਖਦੇ ਈ ਓ ਕਿਵੇਂ ਸੰਗੀ ਜਾਂਦੇ ਨੇ, ਪਰ ਅਸੀਂ ਆਪਣੀ ਖ਼ੁਸ਼ੀ ਨੂੰ ਜਿਵੇਂ ਮਰਜ਼ੀ ਮਨਾਵਾਂਗੇ। ਤੇ ਤੁਸੀਂ, ਗੁਰਦਿਆਲ ਸਿੰਘ ਜੀ, ਸਾਨੂੰ ਰੋਕ ਨਹੀਂ ਸਕਦੇ।

ਮੇਰਾ ਤਾਂ ਜੀ ਕਰਦੈ ਕਿਸੇ ਦਿਨ ਸਾਰੇ ਰਲ ਕੇ ਜੈਤੋ ਚੱਲੀਏ। ਇਨ੍ਹਾਂ ਦੀ ਪਤਨੀ ਨੂੰ ਵੀ ਪਤਾ ਲਗਣਾ ਚਾਹੀਦਾ ਐ ਕਿ ਇਹ ਕਿੰਨੇ ਸ਼ਰੀਫ਼ ਆਦਮੀ ਨੇ। ਨਾਲੇ ਇਨ੍ਹਾਂ ਦੇ ਸ਼ਹਿਰ ਜੈਤੋ ਦੇ ਲੋਕਾਂ ਨੂੰ ਵੀ ਕੁਝ ਪਤਾ ਲੱਗੇ ਕਿ ਗੁਰਦਿਆਲ ਸਿੰਘ ਹੋਰਾਂ ਨੂੰ ਕੀ ਹੋਇਐ।

ਮੈਂ ਸੋਚਿਐ ਅਸੀਂ ਜਨਵਰੀ ਵਿਚ ਇਕ ਵੱਡਾ ਸਮਾਗਮ ਕਰੀਏ। ਜਿਸ ਵਿਚ ਪੰਜਾਬੀ ਦੇ ਸਾਰੇ ਉੱਚ ਕੋਟੀ ਦੇ ਲੇਖਕਾਂ ਨੂੰ ਸੱਦਾ ਦੇਈਏ। ਉਹ ਇਥੇ ਦਰਸ਼ਨ ਦੇ ਕੇ ਸਾਡੀ ਖ਼ੁਸ਼ੀ ਵਿਚ ਸ਼ਾਮਲ ਹੋਣ। ਅਸੀਂ ਚੀਫ਼ ਮਿਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਉਹ ਉਸ ਸਮਾਗਮ ਦੀ ਪ੍ਰਧਾਨਗੀ ਕਰਨ। ਸਾਡੀ ਖ਼ੁਸ਼ੀ ਵੰਡਾਉਣ ਤੇ ਵੇਖਣ ਕਿ ਫ਼ਰੀਦਕੋਟ ਵਿਚ, ਬ੍ਰਿਜਿੰਦਰਾ ਕਾਲਿਜ ਵਿਚ, ਗੁਰਦਿਆਲ ਸਿੰਘ ਹੋਰਾਂ ਵਰਗੇ ਅਨਮੋਲ ਹੀਰੇ ਪਏ ਨੇ।

ਪ੍ਰਿੰਸੀਪਲ ਗੁਰਚਰਨ ਸਿੰਘ ਹੋਰਾਂ ਦੇ ਇਸ ਭਾਵਨਾ ਭਰੇ, ਖ਼ੁਸ਼ੀਆਂ ਖਿਲਾਰਦੇ ਭਾਸ਼ਨ ਨਾਲ ਸਾਰੇ ਸਟਾਫ਼ ਮੈਂਬਰਾਂ ਦੇ ਚਿਹਰੇ ਚਾਅ ਦੇ ਅਨੋਖੇ ਜਲੌ ਵਿਚ ਰੰਗੇ ਗਏ। ਫ਼ਖ਼ਰ ਨਾਲ ਹਿੱਕਾਂ ਫੁੱਲੀਆਂ ਹੋਈਆਂ ਤੇ ਸਿਰਾਂ ਉੱਤੇ ਮਾਣ ਦੇ ਸਿਰੋਪਾ ਲਪੇਟੇ ਹੋਏ। ਗੁਰਦਿਆਲ ਸਿੰਘ ਦੇ ਰਾਸ਼ਟਰੀ ਪੁਰਸਕਾਰ ਨੂੰ ਚਾਵਾਂ ਦੀ ਜ਼ਰਬ ਦੇ ਕੇ, ਸਾਰੇ ਸਟਾਫ਼ ਮੈਂਬਰਾਂ ਵਿਚ ਪ੍ਰਿੰਸੀਪਲ ਨੇ ਬਰਾਬਰ ਵੰਡ ਦਿਤਾ। ਸਭ ਚਿਹਰਿਆਂ ਤੇ ਅਜੀਬ ਨੂਰ ਝਲਕਦਾ। ਗੁਰਦਿਆਲ ਸਿੰਘ ਹੋਰਾਂ ਦਾ ਸਨਮਾਨ ਕਰਨ ਆਏ ਸਾਰੇ ਆਪ ਸਿਰੋਂ ਸਿਰ ਸਨਮਾਨ ਦੇ ਸਰੂਰ ਵਿਚ ਗੜੂੰਦ ਹੋ ਗਏ। ਕੋਈ ਅਮਰ ਛਿਣ ਜਿਵੇਂ ਸਭ ਦੀਆਂ ਅੱਖਾਂ ਵਿਚ ਲਿਸ਼ਕੋਰ ਪਾ ਗਿਆ। ਅੱਖਾਂ ਚੁੰਧਿਆਉਣ ਵਾਲੀ ਬਿਜਲੀ ਜਿਵੇਂ ਅੱਖਾਂ ਵਿਚ ਕੁਝ ਚਿਰ ਲਈ ਅਟਕ ਜਾਏ!

ਹੁਣ ਗੁਰਦਿਆਲ ਸਿੰਘ ਹੋਰਾਂ ਨੇ ਬੋਲਣਾ ਸੀ। ਸਨਮਾਨ ਨਾਲ ਭਰੀ ਭੂਰੀ ਕੁਰਸੀ ਦੇ ਆਲਿੰਗਣ ਵਿਚ ਇਕੱਠਾ ਹੋਇਆ ਗੁਰਦਿਆਲ ਸਿੰਘ ਖੁਲ੍ਹ ਕੇ ਹਾਲ ਦੀ ਛਤ ਤਕ ਫੈਲ ਗਿਆ। ਸਾਹਮਣੇ ਮੇਜ਼ ਉੱਤੇ ਪਏ, ਹਾਰਾਂ ਵਿਚ ਪਰੁੱਚੇ ਫੁੱਲਾਂ ਨੇ ਆਪੋ ਆਪਣੇ ਦਿਲਾਂ 'ਚੋਂ ਲੰਘੇ ਧਾਗਿਆਂ ਨਾਲ ਕੋਈ ਭੇਤ ਸਾਂਝੇ ਕੀਤੇ। ਗੁਰਦਿਆਲ ਸਿੰਘ ਦੀ ਸਨਿਮਰ ਮੁਸਕਾਣ ਫੁੱਲਾਂ ਦੀ ਸੁਗੰਧ ਵਾਂਗ ਸਾਰੇ ਹਾਲ ਵਿਚ ਫੈਲ ਗਈ। ਖ਼ੁਸ਼ੀ ਦਾ ਖੇੜਾ, ਪਰਾਪਤੀ ਦਾ ਗੌਰਵ ਤੇ ਤੇਜ, ਇਸ ਤੇਜ ਦੇ ਚਾਨਣ-ਘੇਰੇ ਵਿਚ ਪਰਵਾਰੀ ਗੁਰਦਿਆਲ ਸਿੰਘ ਦੀ ਡੂੰਘੀ ਤੇ ਬਲੌਰੀ ਸੱਚ ਵਰਗੀ ਨਿਮਰਤਾ! ਸਾਰਿਆਂ ਲਈ ਅਜੀਬ ਚੁੰਬਕੀ ਮਾਹੌਲ ਸੀ। ਪਰੋਫੈਸਰ ਗੁਰਦਿਆਲ ਸਿੰਘ ਨੇ ਕੁਝ ਇਸ ਤਰ੍ਹਾਂ ਬੋਲਣਾ ਸ਼ੁਰੂ ਕੀਤਾ —

"ਕਲ੍ਹ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਕੋਲ ਬੁਲਾ ਕੇ ਦਸਿਆ ਕਿ ਇਸ ਤਰ੍ਹਾਂ ਦਾ ਸਮਾਗਮ ਸਟਾਫ਼ ਵਲੋਂ ਕਰਨੈ। ਮੈਂ ਉਦੋਂ ਦਾ ਹੀ ਸੋਚੀ ਜਾਂਦਾ ਸੀ ਕਿ ਮੈਂ ਕੀ ਬੋਲਾਂਗਾ। ਕਈ ਗੱਲਾਂ ਸੋਚੀਆਂ ਸੀ, ਪਰ ਹੁਣ ਸਾਰੀਆਂ ਭੁੱਲ ਗਈਆਂ ਨੇ। ਕੁਝ ਪ੍ਰੋਫ਼ੈਸਰ ਮਾਥਰ ਨੇ ਤੇ ਕੁਝ ਬੇਦੀ ਸਾਹਿਬ ਨੇ ਭੁਲਾ ਦਿੱਤੀਆਂ, ਕੁਝ ਕਰਮਜੀਤ ਸਿੰਘ ਹੋਰਾਂ ਨੇ ਕੁਝ ਵਿਨੋਦ ਹੋਰਾਂ ਨੇ। ਪ੍ਰਿੰਸੀਪਲ ਸਾਹਿਬ ਨੇ ਤਾਂ ਸਾਰੀਆਂ ਹੀ ਭੁਲਾ ਦਿਤੀਆਂ ਨੇ। ਫਿਰ ਵੀ ਤੀਲੇ ਤਿਨਕੇ ਜੋੜ ਕੇ ਮੈਂ ਕੁਝ ਕਹਿਣ ਦਾ ਜਤਨ ਕਰਾਂਗਾ।

ਇਸ ਇਨਾਮ ਦੇ ਮਿਲਣ ਦੀ ਮੈਨੂੰ ਬੇਸ਼ਕ ਖ਼ੁਸ਼ੀ ਹੋਈ ਏ। ਅਕਾਡਮੀ ਇਕ ਸਮਾਗਮ ਦਾ ਜਲੌ ਵੀ ਰਚੇਗੀ, ਪਰ ਉਹ ਸਭ ਇਕ ਰਸਮ ਵਾਂਗ ਗੁਜ਼ਰ ਜਾਏਗਾ। ਰਸਮ ਦੀ ਖ਼ੁਸ਼ੀ, ਜਿਵੇਂ ਕੋਈ ਖ਼ੁਸ਼ੀ ਦੀ ਰਸੀਦ ਮੰਗ ਰਿਹਾ ਹੋਵੇ। ਪਰ ਕਲ੍ਹ ਜਦੋਂ ਪ੍ਰਿੰਸੀਪਲ ਸਾਹਿਬ ਨੇ ਦਿੱਲੀ ਤੇ ਅਜਮੇਰ ਤੋਂ ਮੁੜਦਿਆਂ ਹੀ ਮੈਨੂੰ ਬੁਲਾਇਆ, ਇਕ ਐਸੀ ਖ਼ੁਸ਼ੀ ਉਨ੍ਹਾਂ ਦੇ ਚਿਹਰੇ ਉਤੇ ਵੇਖੀ ਜਿਸ ਦੀ ਝਾਲ ਨਹੀਂ ਸੀ ਝੱਲੀ ਜਾਂਦੀ। ਬੜੀ ਖ਼ਾਲਿਸ ਖ਼ੁਸ਼ੀ ਸੀ। ਉਸੇ ਖ਼ੁਸ਼ੀ ਦਾ ਝਲਕਾਰਾ ਮੈਨੂੰ ਤੁਹਾਡੇ ਸਾਰਿਆਂ ਦੇ ਚਿਹਰਿਆਂ ਉਤੇ ਲਿਸ਼ਕਦਾ ਨਜ਼ਰ ਆਉਂਦਾ ਏ। ਅੱਜ ਮੈਂ ਮਹਿਸੂਸ ਕਰ ਰਿਹਾ ਹਾਂ ਅਸਲ ਖ਼ੁਸ਼ੀ ਕੀ ਹੁੰਦੀ ਏ। ਦੋਸਤਾਂ ਦੀ, ਸਾਥੀਆਂ ਦੀ ਪਛਾਣ ਭਰੀ ਖ਼ੁਸ਼ੀ ਰਾਸ਼ਟਰੀ ਪੁਰਸਕਾਰ ਦੀ ਖ਼ੁਸ਼ੀ ਤੋਂ ਕਿਤੇ ਵੱਡੀ ਏ। ਯਕੀਨ ਜਾਣੋ ਇਹ ਖ਼ੁਸ਼ੀ ਇਕ ਰਚਨਾ ਦੇ ਆਨੰਦ ਵਰਗੀ

ਹੈ। ਇਹ ਇਨਾਮ ਦੇ ਸਨਮਾਨ ਜਾਂ ਇਨਾਮ ਦੀ ਰਕਮ ਵਿਚੋਂ ਕਦੇ ਨਹੀਂ ਪੈਦਾ ਹੋ ਸਕਦੀ। ਇਹ ਦੋਸਤੀ ਦੇ ਸਦਾ ਰੌਸ਼ਨ ਸੱਚ ਦੀ ਰਚਨਾ ਹੀ ਹੋ ਸਕਦੀ ਏ। ਸਨਮਾਨ ਦਾ ਜੋ ਅਹਿਸਾਸ ਮਿੱਤਰਾਂ ਦੀ ਇਸ ਪਿਆਰੀ ਸਭਾ ਨੇ ਮੈਨੂੰ ਬਖ਼ਸ਼ਿਆ ਹੈ ਉਹ ਵਡੇ ਤੋਂ ਵਡੇ ਸਮਾਗਮਾਂ ਤੋਂ ਵੀ ਨਹੀਂ ਮਿਲ ਸਕਦਾ, ਇਹ ਮੈਨੂੰ ਨਿਸਚਾ ਹੈ।

ਬਾਕੀ ਰਹੀ ਇਨਾਮ ਤੇ ਪ੍ਰਾਪਤੀ ਦੀ ਗੱਲ। ਇਹ ਗੱਲ ਵੀ ਇਕ ਰੌਸ਼ਨ ਹਕੀਕਤ ਵਾਂਗ ਮੇਰੇ ਮਨ ਵਿਚ ਸਾਫ਼ ਏ ਕਿ ਇਸ ਪ੍ਰਾਪਤੀ ਵਿਚ ਮੇਰਾ ਕੁਝ ਵੀ ਨਹੀਂ, ਸਰੀਰ, ਬੁੱਧੀ, ਚੇਤੰਨਤਾ ਹਰ ਸ, ਇਨ੍ਹਾਂ ਵਿਚ ਮੇਰਾ ਕੀ ਹੈ ? ਸਰੀਰ ਕੁਦਰਤ ਦੀ ਦੇਣ ਹੈ, ਬੁੱਧੀ ਮਾਪਿਆਂ ਦੀ ਜਾਂ ਵਿਰਸੇ ਦੀ, ਚੇਤਨਤਾ ਮਾਹੌਲ ਦੀ ਤੇ ਰਚਨਾ ਇਨ੍ਹਾਂ ਸਭਨਾਂ ਦੀ ਸਾਂਝੀ ਦਾਤ ਹੈ, ਬਿਜਲੀ ਦੀ ਤਾਰ ਸ਼ਕਤੀ ਨੂੰ ਜਨਮ ਨਹੀਂ ਦੇ ਸਕਦੀ ਹੈ, ਕੇਵਲ ਉਸ ਨੂੰ ਆਪਣੇ ਵਿਚੋਂ ਗੁਜ਼ਾਰ ਹੀ ਸਕਦੀ ਹੈ, ਉਹ ਵੀ ਆਪਣੀ ਵਿੱਤ ਅਨੁਸਾਰ, ਵਧ ਨਹੀਂ। ਬਿਜਲੀ ਦੀ ਤਾਰ ਵਾਂਗ ਮੈਂ ਤਾਂ ਕੇਵਲ ਮਾਧਿਅਮ ਹਾਂ —"

"ਇਹ ਤਾਂ ਹੁਣ ਸਿਆਣੀਆਂ ਗੱਲ ਕਰਨ ਲਗ ਪਿਐ", ਪ੍ਰੋਫ਼ੈਸਰ ਪ੍ਰੇਮ ਦੀ ਆਵਾਜ਼ ਮੇਰੇ ਕੰਨੀਂ ਪਈ, "ਇਨਾਮ ਲੈ ਕੇ ਸਾਰਿਆਂ ਨੂੰ ਏਦਾਂ ਦੀਆਂ ਗੱਲਾਂ ਕਰਨੀਆਂ ਪੈਂਦੀਆਂ ਨੇ ?"

"ਯੁਗ ਦੀ ਚੇਤਨਾ ਦਾ, ਵਕਤ ਦੀ ਜ਼ਮੀਰ ਦਾ, ਲੋਕਾਂ ਦੇ ਦੁਖ ਦਰਦ ਦਾ ਤੇ ਇਸ ਤੋਂ ਰਾਹਤ ਪ੍ਰਾਪਤ ਕਰਨ ਦੇ ਅਮੁੱਕ ਸੰਗਰਾਮ ਦਾ ਮਾਧਿਅਮ ਹੋ ਸਕਣਾ ਹੀ ਮੇਰੀ ਖ਼ੁਸ਼ਕਿਸਮਤੀ ਹੈ। ਇਸ ਤੋਂ ਵਡੀ ਕਿਸੇ ਪ੍ਰਾਪਤੀ ਜਾਂ ਹਉਮੈ ਦੀ ਗਲਤ ਫ਼ਹਿਮੀ ਮੈਨੂੰ ਕਦੇ ਨਹੀਂ ਹੋਈ, ਨਾ ਹੋ ਸਕਦੀ ਹੈ। ਜ਼ਿੰਦਗੀ ਵਿਚ ਏਨਾ ਕੁਝ ਕਹਿਣ ਨੂੰ, ਬਿਆਨ ਕਰਨ ਅਤੇ ਚਿਤਰਣ ਨੂੰ ਪਿਆ ਹੈ ਕਿ ਉਸ ਦੇ ਮੁਕਾਬਲੇ ਵਿਚ ਮੈਂ ਗੋਹੜੇ 'ਚੋਂ ਪੂਣੀ ਹੀ ਮਸਾਂ ਕੱਤੀ ਹੋਵੇਗੀ। ਗ਼ਲਤ ਫ਼ਹਿਮੀ ਹੋਵੇ ਵੀ ਤਾਂ ਕਾਹਦੀ ? ਇਹ ਗੱਲ ਮੈਂ ਕੋਈ ਨਿਮਰਤਾ ਦਾ ਦਿਖਾਵਾ ਕਰਨ ਲਈ ਨਹੀਂ ਕਹਿ ਰਿਹਾ। ਪੂਰੇ ਯਕੀਨ ਤੇ ਦਿਆਨਤਦਾਰੀ ਨਾਲ ਮਹਿਸੂਸ ਕਰਕੇ ਕਹਿ ਰਿਹਾਂ। ਇਸ ਲਈ ਮੇਰੇ ਮਿੱਤਰਾਂ ਨੂੰ ਇਸ ਗੱਲ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਕਿ ਮੈਂ ਅਕਾਡਮੀ ਦਾ ਪੁਰਕਸਾਰ ਪ੍ਰਾਪਤ ਕਰ ਕੇ ਅਵੇਸਲਾ ਹੋ ਜਾਵਾਂਗਾ। ਮੈਂ ਕਿਸੇ ਇਨਾਮ ਨੂੰ ਟੀਚਾ ਬਣਾ ਕੇ ਲਿਖਣਾ ਸ਼ੁਰੂ ਨਹੀਂ ਸੀ ਕੀਤਾ, ਤੇ ਨਾ ਇਸ ਤਰ੍ਹਾਂ ਲਿਖਿਆ ਹੀ ਜਾਂਦੈ। ਇਨਾਮ ਕੋਈ ਮੰਜ਼ਲ ਨਹੀਂ, ਇਹ ਰਸਤੇ ਦੀ ਠੰਢੀ ਛਾਂ ਜਾਂ ਹਵਾ ਦਾ ਬੁਮਕਾ ਹੀ ਏ ਜੋ ਪੰਧ ਪਏ ਨੂੰ ਕੁਝ ਹੁਲਾਰਾ ਦੇਂਦਾ ਤੇ ਅੱਗੇ ਤੁਰੇ ਜਾਣ ਲਈ ਵੰਗਾਰਦਾ ਏ। ਇਹ ਵੰਗਾਰ ਮੈਨੂੰ ਬੇਸ਼ਕ ਪੂਰੀ ਨਿਮਰਤਾ ਤੇ ਜ਼ਿਮੇਵਾਰੀ ਨਾਲ ਕਬੂਲ ਹੈ।

"ਕੋਈ ਪੁਰਸਕਾਰ ਜਾਂ ਸਨਮਾਨ ਮਿਲਣ ਉਤੇ ਮੈਂ ਹਮੇਸ਼ਾ ਸਭ ਤੋਂ ਵਧ ਆਪਣੀ ਪਤਨੀ ਦਾ ਦੇਣਦਾਰ ਮਹਿਸੂਸ ਕੀਤਾ ਹੈ। ਉਹ ਮੇਰੀ ਸਾਥਣ, ਇਕਦਮ ਅਨਪੜ੍ਹ ਤੀਵੀਂ ਐਂ, ਪਰ ਮੈਂ ਜੋ ਕੁਝ ਵੀ ਹਾਂ ਉਸ ਦੀ ਬਦੌਲਤ ਹਾਂ, ਉਮਰ 'ਚ ਮੇਰੇ ਨਾਲੋਂ ਛੋਟੀ ਐ, ਪਰ ਵੇਖਣ ਨੂੰ ਦਸ ਸਾਲ ਵੱਡੀ ਲਗਦੀ ਐ। ਜਵਾਨੀ ਸਮੇਤ ਆਪਣਾ ਸਭ ਕੁਝ ਉਸ ਨੇ ਮੇਰੇ ਤੋਂ ਵਾਰਿਆ ਹੋਇਐ। ਇਕ ਨਿੱਕਾ ਜਿਹਾ ਕਮਰਾ ਸਾਡਾ ਘਰ ਐ। ਰਸੋਈ ਵੀ ਵਖਰੀ ਨਹੀਂ। ਜਿਥੇ ਸਟੋਵ ਰਖ ਲਈਏ ਉਥੇ ਈ ਰੋਟੀਆਂ ਪੱਕ ਜਾਂਦੀਐਂ, ਪਰ ਉਸ ਨੇ ਕਦੇ ਘਰ ਛੋਟਾ ਨਹੀਂ ਲਗਣ ਦਿਤਾ, ਘਰ ਵਿਚ ਸ਼ਾਂਤੀ ਦਾ, ਸਬਰ ਦਾ ਤੇ ਸੁਖ ਦਾ ਮਾਹੌਲ ਨਾ ਹੋਵੇ ਤਾਂ ਲਿਖਣ ਦਾ ਕੰਮ ਬਿਲਕੁਲ ਨਹੀਂ ਹੋ ਸਕਦਾ। ਲੇਖਕ ਦੇ ਤੌਰ ਤੇ ਮੈਨੂੰ ਛੇ ਘੰਟੇ ਰੋਜ਼ ਕੰਮ ਕਰਨਾ ਪੈਂਦਾ ਏ, ਛੇ ਘੰਟੇ ਕਾਲਿਜ ਵਿਚ ਲਗ ਜਾਂਦੇ ਨੇ, ਬਾਰਾਂ ਘੰਟੇ ਰੋਜ਼ ਕੰਮ, ਮੇਰਾ ਸੂਖਮ ਜਿਹਾ ਜਿਸਮ ਇਸ ਦੀ ਤਾਬ ਨਾ ਝੱਲ ਸਕਦਾ ਜੇ ਕੋਈ ਪੜ੍ਹੀ ਲਿਖੀ ਟੱਕਰ ਜਾਂਦੀ। ਮੇਰੀ ਪ੍ਰਾਪਤੀ ਵਿਚ ਉਸ ਦਾ ਸਦਾ ਵੱਡਾ ਹੱਥ ਰਿਹਾ ਹੈ।"

ਮਿਸਿਜ਼ ਦਰਸ਼ਨ ਬੇਦੀ ਨੇ ਸਟਾਫ਼ ਵਿਚ ਸ਼ਾਮਿਲ ਪੜ੍ਹੀਆਂ ਲਿਖੀਆਂ ਬੀਬੀਆਂ ਵੱਲੋਂ ਅਸਿਹਮਤੀ ਪਰਗਟ ਕਰਨੀ ਚਾਹੀ, ਪਰ ਪ੍ਰੋ: ਗੁਰਦਿਆਲ ਸਿੰਘ ਦਾ ਕਹਿਣਾ ਸੀ—"ਖੋਤੇ 'ਚੋਂ ਕਿਸੇ ਉਤੇ ਇਹ ਗੱਲ ਨਹੀਂ ਢੁਕਦੀ।"

"ਮੈਨੂੰ ਇਸ ਗੱਲ ਦਾ ਵੀ ਪੂਰਾ ਖ਼ਬਰ ਤੇ ਅਹਿਸਾਸ ਹੈ ਕਿ ਇਹ ਐਵਾਰਡ ਮੈਨੂੰ ਬ੍ਰਿਜਿੰਦਰਾ ਕਾਲਿਜ ਵਿਚ ਹੁੰਦਿਆਂ ਮਿਲਿਆ ਹੈ। ਪਿਛਲੇ ਚਾਰ ਪੰਜ ਸਾਲ ਜਿਹੜੇ ਮੈਂ ਇਸ ਕਾਲਿਜ ਵਿਚ ਗੁਜ਼ਾਰੇ ਨੇ ਉਹ ਮੇਰੀ ਬੜੀ ਵੱਡੀ ਖ਼ੁਸ਼ਕਿਸਮਤੀ ਦੇ ਸਾਲ ਨੇ। ਸਿਆਣੇ ਤੇ ਹਮਦਰਦ ਦੋਸਤਾਂ ਤੋਂ ਵੱਡੀ ਕੀ ਖ਼ੁਸ਼ਨਸੀਬੀ ਹੋ ਸਕਦੀ ਏ। ਸਕੂਲ ਵਿਚ ਅਜਿਹਾ ਅਕਾਦਮਿਕ ਤੇ ਨਿੱਘਾ ਮਾਹੌਲ ਬਿਲਕੁਲ ਨਹੀਂ ਸੀ ਮਿਲ ਸਕਦਾ। ਮੈਨੂੰ ਅਜੇ ਯਾਦ ਏ, ਸਕੂਲ ਦਾ ਇਕ ਸਾਥੀ ਕੇਰਾਂ ਮੇਰੇ ਖਹਿੜੇ ਪੈ ਗਿਆ। ਅਖੇ, ਤੁਸੀਂ ਕਿਵੇਂ ਲਿਖਦੇ ਓ ? ਮੇਰਾ ਸਿੱਧਾ ਜਿਹਾ ਜਵਾਬ ਸੀ -- ਫੱਟੀ ਉਤੇ ਕਾਗਜ਼ ਰੱਖ ਕੇ ਬਹਿ ਜਾਈਦੈ। ਕਹਿਣ ਲਗਾ ਉਹ ਤਾਂ ਠੀਕ ਏ, ਮੇਰਾ ਮਤਲਬ ਏ ਤੁਸੀਂ ਵੇਖ ਕੇ ਕਿਥੋਂ ਲਿਖਦੇ ਓ ? ਇਹ ਗੱਲ ਉਹ ਬਿਲਕੁਲ ਮੰਨਣ ਨੂੰ ਤਿਆਰ ਨਹੀਂ ਸੀ ਕਿ ਬਿਨਾਂ ਵੇਖੇ ਵੀ ਲਿਖਿਆ ਜਾ ਸਕਦੈ। ਅਜੇ ਤਕ ਨਹੀਂ ਮੰਨਿਆਂ। ਇਥੇ ਉਹ ਗੱਲ ਨਹੀਂ। ਇਥੇ ਮੈਂ ਬੜੇ ਸਿਆਣੇ ਤੇ ਹਮਦਰਦ ਦੋਸਤਾਂ ਵਿਚ ਹਾਂ। ਉਹ ਮੈਨੂੰ ਪੜ੍ਹਦੇ ਨੇ, ਸੁਣਦੇ ਨੇ ਕਈ ਵਾਰ ਬਹੁਤ ਕੀਮਤੀ ਰਾਵਾਂ ਵੀ ਦੇਂਦੇ ਨੇ ਤੇ ਦਰੁਸਤੀਆਂ ਵੀ ਸੁਝਾ ਦੇਂਦੇ ਨੇ। ਮੈਨੂੰ ਬੜਾ ਲਾਭ ਹੁੰਦਾ ਹੈ। ਕੰਮ ਕਰਨ ਦਾ ਸੁਆਦ ਹੀ ਹੋਰ ਹੋ ਗਿਐ, ਕਹਿਣ ਦਾ ਭਾਵ ਇਹ ਕਿ ਮੇਰੇ ਸਾਥੀਆਂ ਮਿੱਤਰਾਂ ਦਾ ਵੀ ਮੇਰੀ ਪ੍ਰਾਪਤੀ ਵਿਚ ਬੜਾ ਵੱਡਾ ਹੱਥ ਏ।

"ਤੇ ਦੁਨੀਆਂ ਦੇ ਵਡੇ ਉਸਤਾਦ ਲੇਖਕਾਂ ਦਾ, ਤਾਲਸ-ਤਾਏ, ਗੋਰਕੀ, ਚੈਖਵ, ਹੈਮਿੰਗਵੇ, ਹਾਰਡੀ ਤੇ ਜ਼ੋਲਾ ਵਰਗੇ ਅਨੇਕਾਂ ਮਹਾਨ ਕਲਾਕਾਰਾਂ ਤੋਂ ਮੈਂ ਕੁਝ ਸਿਖਿਆ ਤੇ ਪ੍ਰਾਪਤ ਕੀਤਾ ਏ। ਇਸ ਤਰ੍ਹਾਂ ਮੇਰੇ ਸਾਹਮਣੇ ਮੇਰੀ ਪ੍ਰਾਪਤੀ ਦੀ ਤਸਵੀਰ ਬੜੀ ਸਾਫ਼ ਏ। ਅੱਵਲ ਤਾਂ ਮੈਂ ਕਹਾਂਗਾ ਮੇਰਾ ਇਸ ਵਿਚ ਕੁਝ ਨਹੀਂ। ਪਰ ਜੇ ਤੁਸੀਂ ਬੜਾ ਜ਼ੋਰ ਲਾਵੋ ਤਾਂ ਮੈਂ ਸਿਰਫ਼ ਚੌਥਾਈ ਹਿੱਸਾ, ਆਪਣੀ ਮਿਹਨਤ ਦਾ, ਇਸ ਸਾਰੀ ਪ੍ਰਾਪਤੀ ਵਿਚ ਆਪਣਾ ਮੰਨ ਸਕਦਾਂ, ਏਦੂੰ ਵੱਧ ਬਿਲਕੁਲ ਨਹੀਂ।

ਗੁਰਦਿਆਲ ਸਿੰਘ ਦੇ ਏਸ ਖ਼ਲੂਸ ਤੇ ਸੁੱਚੀ ਨਿਮਰਤਾ ਮੂਹਰੇ ਵਡੇ ਵਡੇ ਹਉਮੈ ਦੇ ਪਹਾੜ ਪਿਘਲਦੇ ਜਾਂਦੇ ਸਨ। ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਨਿਮਰਤਾ ਵਡਿਆਈ ਵਿਚੋਂ ਪੈਦਾ ਹੁੰਦੀ ਏ ਜਾਂ ਵਡਿਆਈ ਨਿਮਰਤਾ ਵਿਚੋਂ। ਇਸ ਵਕਤ ਤਾਂ ਗੁਰਦਿਆਲ ਸਿੰਘ ਏਹਾਂ ਦੀ ਮੂਰਤ ਬਣਿਆ ਜਾਪਦਾ ਸੀ। ਆਂਡੇ ਤੇ ਮੁਰਗੀ ਦਾ ਰਿਸ਼ਤਾ ਫਿਰ ਸਮਝਦੇ ਰਹਾਂਗੇ।

"ਫਿਰ ਵੀ ਮੈਂ ਸਾਰੇ ਮਿੱਤਰਾਂ ਦਾ ਬੜਾ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਏਨੀ ਵਡਿਆਈ ਦਿਤੀ ਏ, ਪ੍ਰਿੰਸੀਪਲ ਸਾਹਿਬ ਦਾ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਦੀ ਤਸਵੀਰ ਮੇਰੇ ਮਨ ਵਿਚ ਸਦਾ ਪਿਤਾ ਸਮਾਨ ਰਹੀ ਏ। ਕੁਝ ਇਨ੍ਹਾਂ ਦੇ ਮਹਾਨ ਕੱਦ ਕਾਠ ਕਰ ਕੇ, ਕੁਝ ਇਨ੍ਹਾਂ ਦੇ ਚਾਂਦੀ ਰੰਗੇ ਵਾਲਾਂ ਕਰਕੇ ਤੇ ਸਭ ਤੋਂ ਵਧ ਇਨ੍ਹਾਂ ਦੀ ਬੋਹੜ ਦੀ ਛਾਂ ਵਰਗੀ ਉਦਾਰਤਾ, ਖੁਲ੍ਹ ਦਿਲੀ ਤੇ ਪਿਆਰ ਕਰ ਕੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਕ ਵਾਰ ਫਿਰ ਥੋੜਾ

# BOMBAY CURRY RESTAURANT

**3934 MAIN STREET (23rd AVE.), VANCOUVER, B.C.**

**PHONE: 874-5722**

**FOR TAKE AWAY AND EAT THERE,**
**MOUTH WATERING SWEETS:**
**Mesu, Patisa, Besan, Barfi, Gajarpak, Laddo, Padha, Gulab jamun, Rasgoole, Badana, Jalebi, Amratiyan, Shakerpare, Namkeen Bhujiya and many many more.**

**CHICKEN CURRY, BEEF CURRY, VEGETABLE LAMB, CHICKEN TANDOORI (SERVED WITH SALAD & RICE PILLAU), FRESH GREEN BEANS & POTATOES, MIXED VEGETABLE.**

*The Ultimate in Highclass SPICY FOODS with 22 Years experience begind it*

---

**FOR WEDDING & PARTY CATERING CONTACT K. S. PABLA (Res. 874-1644)**

---

NEEDED AN EXPERIENCED SWEET COOK – $800 PER MONTH – PHONE!

800 ਡਾਲਰ ਪਤੀ ਮਹੀਨਾ ਤਨਖਾਹ ਤੇ ਸਾਨੂੰ ਇਕ ਤਜਰਬੇਕਾਰ ਹਲਵਾਈ ਦੀ ਲੋੜ ਹੈ। ਫੋਨ ਕਰੋ ॥

# LONDON FASHION STORE



4393 Main Street
(at 28th Avenue)
Vancouver, B.C.

Phone:
Business:
876-7515
Residence:
879-3401

**IMPORTERS, EXPORTERS, WHOLESALER, RETAILERS – INDIA's NOVELTIES – JEWELLERY**

**SPECIALISTS IN:** Sarees; Shirts; Ladies, Gents and Childrens Knitwear, all kinds of fabrics.

MANAGER: SARBJIT SINGH AWLA

## ਲੰਡਨ ਫ਼ੈਸਨ ਸਟੋਰ, ਵੈਨਕੂਵਰ

# ਆਪਣੇ ਲੋਕ

(ਅਜਮੇਰ ਰੋਡੇ)

ਪੰਜਾਬੀ ਦੀ ਪ੍ਰਸਿੱਧ ਗਾਇਕਾ ਰੇਸ਼ਮਾਂ ਦਾ ਵੈਨਕੂਵਰ ਵਿਚ ਪ੍ਰੋਗਰਾਮ ਸੀ। ਅਸੀਂ ਵੀ ਟਿਕਟਾਂ ਲੈ ਲਈਆਂ - ਸੋਚਿਆ ਰੇਸ਼ਮਾਂ ਨੂੰ ਸੁਣਨ ਤਾਂ ਸੰਜੀਦਾ ਲੋਕ ਹੀ ਜਾਣਗੇ ਤੇ ਰੌਲੇ ਰੱਪੇ ਦਾ ਖ਼ਤਰਾ ਘੱਟ ਹੋਵੇਗਾ। ਕੁਈਨ ਐਲਿਜ਼ਬੈੱਥ ਥੀਏਟਰ ਵਿਚ ਕਾਫ਼ੀ ਲੋਕ ਜਮ੍ਹਾਂ ਹੋ ਚੁੱਕੇ ਸਨ। ਰੇਸ਼ਮਾਂ ਤੋਂ ਬਿਨਾਂ ਹੋਰ ਵੀ ਕਈ ਕਲਾਕਾਰ ਉਸ ਨਾਲ ਆਏ ਹੋਏ ਸਨ। ਪ੍ਰੋਗਰਾਮ ਪਾਰਟੀ ਦੇ ਦੂਸਰੇ ਕਲਾਕਾਰਾਂ ਨੇ ਸ਼ੁਰੂ ਕੀਤਾ। ਰੇਸ਼ਮਾਂ ਨੇ ਅਜੇ ਕੁਝ ਦੇਰ ਨਾਲ ਸਟੇਜ ਤੇ ਆਉਣਾ ਸੀ। (ਭਾਰਤੀ ਤੇ ਪਾਕਿਸਤਾਨੀ ਪ੍ਰੋਗਰਾਮ ਅਕਸਰ ਇਸੇ ਤਰ੍ਹਾਂ ਹੀ ਸ਼ੁਰੂ ਕੀਤੇ ਜਾਂਦੇ ਹਨ) ਸਾਰੇ ਚੁੱਪ ਚਾਪ ਸੁਣਨ ਲੱਗ ਪਏ। ਪਰ ਤਿੰਨ ਚਾਰ ਗੀਤ ਸੁਣਨ ਤੋਂ ਪਿੱਛੋਂ ਸਰੋਤੇ ਬੇਸਬਰ ਹੋ ਗਏ, ਉਹ ਤਾਂ ਰੇਸ਼ਮਾਂ ਨੂੰ ਸੁਣਨ ਆਏ ਸਨ। ਉਹਨਾਂ ਨੇ ਸੀਟੀਆਂ ਮਾਰਕੇ ਸਟੇਜ ਸਕੱਤਰ ਨੂੰ ਸੂਚਿਤ ਕਰ ਦਿੱਤਾ ਕਿ ਉਹ ਰੇਸ਼ਮਾਂ ਨੂੰ ਛੇਤੀ ਸਟੇਜ ਤੇ ਪੇਸ਼ ਕਰੇ।

ਰੇਸ਼ਮਾਂ ਸਟੇਜ ਤੇ ਆ ਗਈ - ਸ੍ਰੋਤਿਆਂ ਨੇ ਤਾੜੀਆਂ ਅਤੇ ਸੀਟੀਆਂ ਨਾਲ ਸਵਾਗਤ ਕੀਤਾ। ਇਸ ਤਰ੍ਹਾਂ ਲਗਦਾ ਸੀ, ਸ੍ਰੋਤੇ ਖ਼ੁਸ਼ ਹਨ ਤੇ ਮਾਹੌਲ ਬਹੁਤ ਵਧੀਆ ਹੈ। ਰੇਸ਼ਮਾਂ ਨੇ ਇਕ ਗੀਤ ਗਾਇਆ ਫੇਰ ਦੂਸਰਾ, ਪਰ ਇਕ ਪਾਸੇ ਬੈਠੇ ਕੁਝ ਸ੍ਰੋਤੇ ਪਤਾ ਨਹੀਂ ਕਿਉਂ ਆਪੋ ਵਿਚ ਦੀ ਗੱਲਾਂ ਕਰਨ ਲੱਗ ਪਏ - ਗੱਲਾਂ ਦੀ ਆਵਾਜ਼ ਉੱਚੀ ਹੋ ਗਈ ਤੇ ਫੇਰ ਉਸ ਗਰੁੱਪ 'ਚੋਂ ਇੱਕ ਦੋ ਆਵਾਜ਼ਾਂ ਆਈਆਂ, "ਏਹਨੂੰ ਕਹੋ ਕੁਸ਼ ਹੋਰ ਸਣਾਵੇ।" ਸਟੇਜ ਸਕੱਤਰ ਨੂੰ ਸ਼ਾਇਦ ਇਹਨਾਂ ਆਵਾਜ਼ਾਂ ਦਾ ਪਤਾ ਨਹੀਂ ਲੱਗਿਆ - ਉਹਨੇ ਪ੍ਰੋਗਰਾਮ ਓਵੇਂ ਹੀ ਜਾਰੀ ਰੱਖਿਆ। ਇੰਟਰਵਲ ਤੱਕ ਰੌਲਾ ਵਧਦਾ ਹੀ ਗਿਆ, ਫੇਰ ਇਕ ਉੱਚੀ ਜਿਹੀ ਆਵਾਜ਼ ਆਈ, "ਓਏ ਅਸੀਂ ਸੱਤ ਸੱਤ ਡਾਲਰ ਦਿੱਤੇ ਐ, ਏਹਨੂੰ ਕੋਈ ਚੱਜ ਦੀ ਚੀਜ਼ ਨੀ ਗੌਣੀ ਆਉਂਦੀ।" ਇਹ ਆਵਾਜ਼ ਸਾਰੇ ਹਾਲ ਵਿੱਚ ਸੁਣ ਗਈ। ਸਟੇਜ ਸਕੱਤਰ ਵਾਰ ਵਾਰ ਸ੍ਰੋਤਿਆਂ ਨੂੰ ਏਹੋ ਕਹਿਣ ਦੀ ਕੋਸ਼ਿਸ਼ ਕਰਦਾ, ਅਸੀਂ ਤੁਹਾਨੂੰ ਮਿਲਣ ਤੇ ਖ਼ੁਸ਼ ਕਰਨ ਲਈ ਹੀ ਪਾਕਿਸਤਾਨੋਂ ਚੱਲ ਕੇ ਆਏ ਹਾਂ ਜੇ ਥੋੜਾ ਜਿਹਾ ਚੁੱਪ ਕਰਕੇ ਸੁਣੋਂ ਤਾਂ ਸਾਨੂੰ ਵੀ ਪ੍ਰੋਗਰਾਮ ਪੇਸ਼ ਕਰਨ ਦਾ ਜ਼ਿਆਦਾ ਮਜ਼ਾ ਆਏਗਾ।

ਇੰਟਰਵਲ ਹੋਇਆ। ਮੈਂ ਵਾਸ਼ਰੂਮ ਗਿਆ। ਉੱਥੇ ਕਾਫ਼ੀ ਭੀੜ ਸੀ। ਕੁਝ ਲੋਕ "ਵਾਸ਼ਰੂਮ" ਕਰ ਰਹੇ ਸਨ, ਕੁਝ ਸ਼ਰਾਬ ਪੀ ਰਹੇ ਸਨ। ਕੁਝ ਲੋਕ ਸਟੇਜ ਦੇ ਪਿੱਛੇ ਵੀ ਗਏ ਤੇ ਸਟੇਜ ਸਕੱਤਰ ਨੂੰ ਕਿਹਾ ਕਿ ਉਹ ਰੌਲਾ ਪਾਉਣ ਵਾਲਿਆਂ ਨੂੰ ਚੁਪ ਕਰਾਏ ਤੇ ਕਹੇ ਕਿ ਉਹ ਦੂਸਰਿਆਂ ਦਾ ਸੁਆਦ ਕਿਉਂ ਖ਼ਰਾਬ ਕਰ ਰਹੇ ਹਨ। ਪ੍ਰੋਗ੍ਰਾਮ ਸ਼ੁਰੂ ਹੁੰਦੇ ਹੀ ਸਟੇਜ ਸਕੱਤਰ ਨੇ ਸਾਰਿਆਂ ਨੂੰ ਚੁੱਪ ਕਰਨ ਲਈ ਫੇਰ ਬੇਨਤੀ ਕੀਤੀ ਤੇ ਇੰਟਰਵਲ ਵਿਚ ਕੁਝ ਲੋਕਾਂ ਵੱਲੋਂ ਹੋਈ ਸ਼ਕਾਇਤ ਬਾਰੇ ਵੀ ਦੱਸਿਆ। ਪਰ ਸਾਡੇ ਸ੍ਰੋਤਿਆਂ ਨੂੰ ਸ਼ਕਾਇਤਾਂ ਨਾਲ ਕੀ ਮਤਲਬ! ਹੀਰ ਵਾਰਸ ਤੇ ਇਕ ਅੱਧੇ ਹੋਰ ਗੀਤ ਤੋਂ ਬਿਨਾਂ ਰੌਲਾ ਬਰਾਬਰ ਪੈਂਦਾ ਰਿਹਾ। ਕੁਝ ਲੋਕ ਹਾਲ ਵਿਚ ਏਧਰੋਂ ਉਧਰ ਮੇਲੇ ਵਾਂਗ ਤੁਰੇ ਫਿਰਦੇ ਸਨ। ਰੇਸ਼ਮਾਂ ਦਾ ਗੀਤ ਚੱਲ ਰਿਹਾ ਸੀ - ਗੈਲਰੀ ਵਿਚ ਬੈਠੀ ਇੱਕ ਟੋਲੀ ਵਿੱਚੋਂ ਇਕ ਜਣੇ ਨੇ ਲਲਕਾਰ ਕੇ ਕੁਝ ਕਿਹਾ - ਥੱਲੇ ਬੈਠੇ ਇਕ ਗਰੁਪ 'ਚੋਂ ਕਈ ਆਵਾਜ਼ਾਂ ਆਈਆਂ ਤੇ ਇੱਕ ਨੇ ਵੰਗਾਰ ਕੇ ਕਿਹਾ,

"ਐਥੇ ਬੈਠੇ ਮਾਂ ਭੈਣ ਇਆ ਜਾਰਾ ਆ ਬਾਹਰ ਨਿੱਕਲ ਕੇ ਦੇਖ!"

ਫੇਰ ਉੱਤੋਂ ਕੁਝ ਹੋਰ ਆਇਆ ਤੇ ਥੱਲਿਓਂ ਹੋਰ ਬਹੁਤ ਕੁਝ। ਹਾਲ 'ਚ ਸਾਰੇ ਲੋਕ ਬੇਵੱਸ ਜਿਹੇ ਹੋਏ ਬੈਠੇ ਲਗਦੇ ਸਨ ਤੇ ਚੁੱਪ ਚਾਪ ਗੰਦੀਆਂ ਗਾਲਾਂ ਘੱਟ ਘੁੱਟਾਂ ਵਾਂਗ ਅੰਦਰ ਲੰਘਾਈ ਜਾਂਦੇ ਸਨ - ਸ਼ਾਇਦ ਸੋਚ ਰਹੇ ਸਨ ਸਾਨੂੰ ਕੀ, ਅਸੀਂ ਤਾਂ ਰੇਸ਼ਮਾਂ ਦੇ ਗੀਤ ਸੁਣਨ ਆਏ ਹਾਂ ਤੇ ਔਰਤਾਂ ਪੋਜ਼ ਕਰ ਰਹੀਆਂ ਸਨ ਜਿਵੇਂ ਉਹਨਾਂ ਨੂੰ ਗਾਲਾਂ ਸੁਣ ਹੀ ਨਾ ਰਹੀਆਂ ਹੋਣ। ਖ਼ੈਰ, ਥੱਲੇ ਵਾਲੀ ਟੋਲੀ ਨੂੰ ਲੋਕਾਂ ਨਾਲ ਕੁਝ ਹਮਦਰਦੀ ਹੋਈ ਤੇ ਉਹ ਬਾਹਰ ਨਿਕਲਣੀ ਸ਼ੁਰੂ ਹੋ ਗਈ - ਇਹ ਦੇਖ ਕੇ ਉੱਤੋਂ ਵਾਲੇ ਵੀ ਉੱਠਣੇ ਸ਼ੁਰੂ ਹੋ ਗਏ। ਕਈ ਮਗਰ ਹੋਰ ਐਵੇਂ ਹੀ ਨਿੱਕਲਣੇ ਸ਼ੁਰੂ ਹੋ ਗਏ, ਸ਼ਾਇਦ ਬਾਹਰ ਹੋਣ ਵਾਲੇ "ਪ੍ਰੋਗਰਾਮ" ਦੇ ਦਰਸ਼ਕ ਸਨ। ਬਾਹਰ ਪਤਾ ਨਹੀਂ ਕੁਝ ਹੋਇਆ ਕਿ ਨਹੀਂ, ਇਸ ਤਰ੍ਹਾਂ ਲਗਦਾ ਸੀ ਕਿ ਅੰਦਰ ਹੁਣ ਜ਼ਰੂਰ ਅਮਨ ਚੈਨ ਹੋ ਜਾਵੇਗਾ। ਪਰ ਕਿੰਨਾ ਕੁ ਚਿਰ? ਮੂਹਰਲੀਆਂ ਕਤਾਰਾਂ 'ਚ ਬੈਠਾ ਇਕ ਸਰੋਤਾ ਕਾਹਲਾ ਪੈ ਗਿਆ ਤੇ ਗਾਉਣ ਵਾਲਿਆਂ ਨੂੰ ਉੱਚੀ ਉੱਚੀ ਕੁਝ ਬੋਲਣ ਲੱਗ ਪਿਆ। ਥੋੜੀ ਦੇਰ ਪਿਛੋਂ ਇੱਕ ਹੋਰ ਉਸਨੂੰ ਚੁੱਪ ਕਰਾਉਣ ਲਈ ਜ਼ਰਾ ਕਰਾਰੇ ਲਫ਼ਜ਼ਾਂ ਵਿਚ ਬੋਲਿਆ ਤੇ ਫੇਰ ਅੱਕ ਕੇ ਇਕ ਹੋਰ ਵੀ ਉਸ ਪਿੱਛੇ ਬੋਲ ਪਿਆ, "ਤੂੰ ਕਰਦੈਂ ਚੁਪ ਕਿ ਨਹੀਂ ਤੇਰੀ ਭੈਣ ਦੀ...... ਮੈਂ ਹੁਣ ਦਸਾ ਬੋਲ ਕੇ......!" ਬੋਲਣ ਵਾਲੇ ਨੇ ਚੁੱਪ ਭਲੀ ਸਮਝੀ, ਗਾਲਾਂ ਵਾਲਾ ਵੀ ਚੁੱਪ ਹੋ ਗਿਆ। ਸਟੇਜ ਸਕੱਤਰ ਆਇਆ ਤੇ ਸਾਰਿਆਂ ਨੂੰ ਆਪਣੀ ਆਪਣੀ ਥਾਂ ਬੈਠਣ ਲਈ ਜ਼ੋਰਦਾਰ ਅਪੀਲ ਕੀਤੀ - ਰੇਸ਼ਮਾਂ ਦਾ ਗਾਣਾ ਸ਼ਾਇਦ ਰੁਕ ਗਿਆ ਸੀ, ਉਸਨੇ ਫੇਰ ਸ਼ੁਰੂ ਕਰ ਦਿੱਤਾ। ਥੋੜੀ ਦੇਰ ਚੁਪ ਰਹੀ, ਫੇਰ ਸੱਜੇ ਪਾਸੇ ਬੈਠੇ ਕੁਝ ਸਰੋਤੇ ਉਤਾਵਲੇ ਹੋ ਗਏ। ਉਹ ਗੱਲਾਂ, ਤਾੜੀਆਂ, ਸੀਟੀਆਂ ਤੋਂ ਬਿਨਾਂ ਕਦੇ ਕਦੇ ਇੱਕ ਪੀਪਣੀ ਜਿਹੀ ਵੀ ਵਜਾ ਦਿੰਦੇ ਸਨ - ਇਕ ਨੇ ਉੱਚੀ ਆਵਾਜ਼ ਵਿਚ ਕਿਹਾ, "ਏਹਨੂੰ ਕਹੋ ਮਿਰਜ਼ਾ ਗਾਵੇ ਜੇ ਗਾਉਣਾ ਐ ਤਾਂ...!"

ਫੇਰ ਰੌਲਾ ਪੈ ਗਿਆ। ਰੇਸ਼ਮਾਂ ਨੇ ਕਿਹਾ,

"ਅਸੀਂ ਤੁਹਾਡੇ ਵਾਸਤੇ ਹੀ ਐਡੀ ਦੂਰੋਂ ਚੱਲਕੇ ਆਏ ਹਾਂ — ਕਮਾਲ ਹੈ ਇਸ ਮੁਲਕ 'ਚ ਆ ਕੇ ਵੀ ਆਪ ਏਨੀਆਂ ਅੱਤਾਈਆਂ ਕਰਦੇ ਹੋ!" ਰੇਸ਼ਮਾਂ ਦੀ ਭਾਰੀ ਦਰਦੀ ਆਵਾਜ਼ ਨਾਲ ਇਕ ਵਾਰ ਸਾਰੇ ਚੁੱਪ ਹੋ ਗਏ। "ਸੁਣਨ ਵਾਲੇ" ਸ੍ਰੋਤਿਆਂ ਨੇ ਖ਼ੁਸ਼ ਹੋਕੇ ਰੇਸ਼ਮਾਂ ਦੇ ਹੱਕ ਵਿੱਚ ਤਾੜੀ ਮਾਰ ਦਿੱਤੀ। ਰੇਸ਼ਮਾਂ ਸ਼ਾਇਦ ਪਹਿਲੀ ਪੰਜਾਬੀ ਕਲਾਕਾਰ ਹੈਸੀ ਜਿਸਨੇ 'ਇਹੋ ਜਿਹੇ' ਸ੍ਰੋਤਿਆਂ ਨੂੰ ਝਿੜਕਣ ਦਾ ਹੌਸਲਾ ਕੀਤਾ ਹੋਵੇਗਾ। ਕੁਝ ਦੇਰ ਪਿੱਛੋਂ ਰੌਲੇ ਰੌਲੇ ਵਿਚ ਪ੍ਰੋਗ੍ਰਾਮ ਸਮਾਪਤ ਹੋ ਗਿਆ। ਸਕੱਤਰ ਨੇ ਆਕੇ ਸਭਦਾ ਧੰਨਵਾਦ ਕੀਤਾ — ਰੇਸ਼ਮਾਂ ਤੇ ਹੋਰ ਕਲਾਕਾਰ ਲੋਕਾਂ ਦੀ ਪ੍ਰਸੰਸਾ ਲੈਣ ਲਈ ਦੁਬਾਰਾ ਸਟੇਜ ਤੇ ਨਹੀਂ ਆਏ। ਪਰ ਮਿਰਜ਼ੇ ਦੀ ਮੰਗ ਵਾਲੇ ਸਰੋਤੇ ਨੇ ਸਾਰੇ ਜ਼ੋਰ ਨਾਲ ਹਾਲ ਵਿੱਚ 'ਕਲੀ' ਲਾਈ। ਲੋਕ ਉੱਠਕੇ ਤੁਰੇ ਜਾ ਰਹੇ ਸਨ ਤੇ ਹੱਸ ਰਹੇ ਸਨ — ਪਤਾ ਨਹੀਂ ਕੱਚੇ ਹੁੰਦੇ ਜਾਂ ਮਿਰਜ਼ੇ ਵਾਲੇ ਦੀ ਕਲੀ ਤੇ ਖ਼ੁਸ਼ ਹੋਕੇ।

ਏਥੇ ਰਹਿੰਦੇ ਸਾਡੇ ਪੰਜਾਬੀਆਂ ਦੀ ਖ਼ੁਸ਼ਕਿਸਮਤੀ ਹੈ ਕਿ ਕੈਨੇਡਾ ਬੈਠਿਆਂ ਸਾਡੇ ਕੋਲ ਲਤਾ, ਰੇਸ਼ਮਾਂ, ਰਫ਼ੀ, ਮਹਿਦੀ ਹਸਨ, ਤਲਅਤ ਮਹਿਮੂਦ, ਪਦਮਣੀ ਵਰਗੇ ਕਲਾਕਾਰ ਆ ਜਾਂਦੇ ਹਨ ਜਿੰਨ੍ਹਾਂ ਨੂੰ ਪੰਜਾਬ ਰਹਿੰਦਿਆਂ ਸੁਣਨਾ ਤੇ ਵੇਖਣ ਮੁਸ਼ਕਿਲ ਹੁੰਦਾ ਹੈ। ਬਦਕਿਸਮਤੀ ਇਹ ਹੈ ਕਿ ਅਸੀਂ ਟਿਕਟਾਂ ਲੈਕੇ ਇਹਨਾਂ 'ਚੋਂ ਕਿਸੇ ਨੂੰ ਵੀ ਸੁਣ ਨਹੀਂ ਸਕਦੇ — ਕਿਉਂਕਿ ਸਾਡੇ ਕੁਝ ਦੋਸਤਾਂ ਦਾ ਧਰਮ ਹੈ ਕਿ ਉਹਨਾਂ ਨੇ ਤਾਂ ਆਪਣਾ 'ਧੱਕਾ ਧੁਲੌਣਾ' — ਪ੍ਰੋਗ੍ਰਾਮ ਭਾਵੇਂ 'ਕੁਈਨ ਐਲਿਜ਼ਬੈਥ ਥੀਏਟਰ' ਵਿੱਚ ਹੋਵੇ ਭਾਵੇਂ 'ਕਰਾੜੇ ਦੇ ਜੰਞ ਘਰ' ਵਿਚ; ਸ਼ਹਿਰ ਵੈਨਕੂਵਰ ਹੋਵੇ ਜਾਂ ਲੁਧਿਆਣਾ; ਜੁਗ ਮਹਾਰਾਜਾ ਰਣਜੀਤ ਸਿੰਘ ਦਾ ਜੁਗ ਹੋਵੇ ਜਾਂ ਸਪੁਤਨਿਕ-ਜੁਗ — ਉਹਨਾਂ ਨੇ ਤਾਂ ਆਪਣਾ ਧੱਕਾ ਧੁਲੌਣਾ ਤੇ ਦੂਜਿਆਂ ਨੂੰ ਸੁਣੌਣਾ, ਉਹਨਾਂ ਨੂੰ ਚੰਗੇ ਮੰਦੇ ਕਲਕਾਰਾਂ ਨਾਲ ਕੀ... ...!

ਕਲਾਕਾਰਾਂ ਵਿੱਚ ਨੁਕਸ ਹੋ ਸਕਦੇ ਹਨ, ਸਟੇਜ ਪ੍ਰਬੰਧਕਾਂ ਵਿੱਚ ਨੁਕਸ ਹੋ ਸਕਦੇ ਹਨ। ਮੈਂ ਇਸ ਹੱਕ ਵਿੱਚ ਹਾਂ ਕਿ ਜੇ ਕੋਈ ਪ੍ਰੋਗਰਾਮ ਪ੍ਰਬੰਧਕ ਐਵੇਂ ਪੈਸੇ ਬਣੌਣ ਦੀ ਖ਼ਾਤਰ ਘਟੀਆ ਪ੍ਰੋਗਰਾਮ ਪੇਸ਼ ਕਰਕੇ ਦਰਸ਼ਕਾਂ ਨਾਲ ਧੋਖਾ ਕਰਦਾ ਹੈ ਤਾਂ ਉਸਨੂੰ ਅੱਗੋਂ ਲਈ ਸਖ਼ਤ ਚਿਤਾਵਣੀ ਕਰ ਦੇਣੀ ਚਾਹੀਦੀ ਹੈ ਕਿ ਉਹ ਆਪਣ ਸੁਧਾਰ ਕਰੇ; ਪਰ ਚੰਗੇ ਕਲਾਕਾਰ ਦਾ ਨਿਰਾਦਰ ਕਿਉਂ? ਇਹ ਕੀ ਗੱਲ ਹੋਈ ਕਿ ਲਤਾ ਜਾਂ ਮੁਕੇਸ਼ ਨੂੰ ਹੁਕਮ ਕੀਤਾ ਜਾਵੇ ਪੰਜਾਬੀ ਦੇ ਗੀਤ ਹੀ ਸੁਣ, ਪਦਮਣੀ ਨੂੰ ਕਿਹਾ ਜਾਵੇ ਪੰਜਾਬੀ ਵਿੱਚ ਬੋਲੀਆਂ ਪਾਓ — ਰੇਸ਼ਮਾਂ ਦੀ ਬੇਇੱਜ਼ਤੀ ਕੀਤੀ ਜਾਵੇ ਕਿ ਉਹ ਮਿਰਜ਼ਾ ਕਿਉਂ ਨਹੀਂ ਗਾਉਂਦੀ। ਜਿਹੜੇ ਲੋਕ ਰੇਸ਼ਮਾਂ ਜਾਂ ਲਤਾ ਨੂੰ ਸੁਣਨ ਲਈ ਜਾਂਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਹੋ ਜਿਹੇ ਗੀਤ ਗਾਉਂਦੀਆਂ ਹਨ ਤੇ ਕਿਸ ਅੰਦਾਜ਼ ਵਿੱਚ ਗਾਉਂਦੀਆਂ ਹਨ।

ਵੈਨਕੂਵਰ ਤੋਂ ਭਾਰਤ ਵਾਪਸ ਜਾਕੇ ਹੇਮਾ ਮਾਲਿਨੀ ਨੇ ਇਕ ਫਿਲਮੀ ਮੈਗਜ਼ੀਨ ਵਿੱਚ ਲਿਖਿਆ ਕਿ ਵੈਨਕੂਵਰ ਦੇ ਭਾਰਤੀ ਸਰੋਤੇ ਉੱਕਾ ਗੰਵਾਰ ਹਨ। ਲਤਾ ਨੂੰ ਪ੍ਰੋਗਰਾਮ ਤੋਂ ਪਿਛੋਂ ਇਕ ਦੋਸਤ ਨੇ ਪ੍ਰੋਗ੍ਰਾਮ ਬਾਰੇ ਪੁੱਛਿਆ ਤਾਂ ਉਹ ਰੋਣਹਾਕੀ ਹੋ ਗਈ ਤੇ ਕਹਿਣ ਲੱਗੀ, "ਮੈਨੂੰ ਵੈਨਕੂਵਰ ਦੇ ਲੋਕਾਂ ਬਾਰੇ ਪਹਿਲਾਂ ਹੀ ਚੇਤਾਵਣੀ ਕਰ ਦਿੱਤੀ ਗਈ ਸੀ ਪਰ ਮੇਰਾ ਖ਼ਿਆਲ ਸੀ ਲੋਕ ਮੇਰੇ ਪ੍ਰੋਗ੍ਰਾਮ ਤੇ ਰੌਲਾ ਨਹੀਂ ਪਾਉਣਗੇ। ਸੁਰਿੰਦਰ ਕੌਰ ਨੂੰ ਪੁੱਛਿਆ ਗਿਆ ਕਿ ਉਹ ਅੰਮ੍ਰਿਤਾ ਪ੍ਰੀਤਮ, ਸ਼ਿਵ ਆਦਿ ਦੇ ਗੀਤ ਕਿਉਂ ਨਹੀਂ ਗਾਉਂਦੀ ਤਾਂ ਉਸਨੇ ਕਿਹਾ, "ਗਾਉਣ ਨੂੰ ਤਾਂ ਬਹੁਤ ਕੁਝ ਹੈ ਤੇ ਜੀਅ ਵੀ ਬਹੁਤ ਕਰਦਾ ਹੈ ਪਰ ਤੁਹਾਨੂੰ ਪਤਾ ਈ ਐ ਆਪਣੇ ਏਥੋਂ ਦੇ ਲੋਕਾਂ ਦਾ।" ਤੇ ਹੋਰ ਕਲਾਕਾਰ ਪਤਾ ਨਹੀਂ ਕੀ ਕੀ ਸੋਚਦੇ ਹੋਣਗੇ। ਇਨ੍ਹਾਂ ਗੱਲਾਂ ਤੋਂ ਸਾਨੂੰ ਸ਼ੱਕ ਨਹੀਂ ਰਹਿ ਜਾਂਦੀ ਕਿ ਖੱਪ ਪਾਉਣ ਵਾਲੇ 'ਦਰਸ਼ਕ' ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੇ ਕਲਾਕਾਰਾਂ ਦੀ ਬੇਇੱਜ਼ਤੀ ਕਰਦੇ ਹਨ; ਹਾਲ 'ਚ ਬੈਠੇ ਬਾਕੀ ਦਰਸ਼ਕਾਂ ਨੂੰ ਟਿੱਚ ਸਮਝਦੇ ਹਨ ਤੇ ਉਹਨਾਂ ਦਾ ਸਮਾਂ ਤੇ ਪੈਸਾ ਬਰਬਾਦ ਕਰਦੇ ਹਨ, ਹਾਲ ਵਿੱਚ ਬੈਠੀਆਂ ਔਰਤਾਂ ਨੂੰ ਕਰੜੀਆਂ ਗਾਲ੍ਹਾਂ ਸੁਣਾਉਂਦੇ ਹਨ; ਪੁਲੀਸ, ਪ੍ਰੈੱਸ ਤੇ ਬਾਕੀ ਲੋਕਾਂ ਵਿੱਚ ਭਾਰਤੀ ਕਮਿਊਨਿਟੀ ਦਾ ਸਿਰ ਨੀਵਾਂ ਕਰਦੇ ਹਨ। ਮੈਨੂੰ ਹੋਰ ਲੋਕਾਂ ਦੇ ਵੀ ਬਹੁਤ ਪ੍ਰੋਗਰਾਮਾਂ ਵਿੱਚ ਜਾਣ ਦਾ ਮੌਕਾ ਮਿਲਿਆ ਹੈ, ਖ਼ਾਸ ਕਰਕੇ ਸੰਗੀਤ ਪ੍ਰੋਗਰਾਮਾਂ ਵਿੱਚ — ਅਤੇ ਮੈਨੂੰ ਇਹ ਮੰਨਣ ਵਿੱਚ ਕੋਈ ਸ਼ਰਮ ਨਹੀਂ ਕਿ ਸ੍ਰੋਤਿਆਂ ਦੇ ਵਤੀਰੇ ਦੇ ਪੱਖ ਤੋਂ ਤੇ ਸਟੇਜ ਪ੍ਰਬੰਧ ਦੇ ਪੱਖ ਤੋਂ ਸਾਡੇ ਬਹੁਤੇ ਪ੍ਰੋਗਰਾਮ ਬਾਕੀਆਂ ਨਾਲੋਂ ਕਿਤੇ ਘਟੀਆ ਹੁੰਦੇ ਹਨ। ਸਾਡੇ ਕਲਾਕਾਰ ਦੁਨੀਆਂ ਦੀ ਕਿਸੇ ਵੀ ਬੋਲੀ ਦੇ ਕਲਾਕਾਰਾਂ ਦੇ ਮੁਕਾਬਲੇ ਤੇ ਰੱਖੇ ਜਾ ਸਕਦੇ ਹਨ; ਪਰ ਜਿੱਥੇ ਜੋਨ ਬਾਇਜ਼ ਦੇ ਪ੍ਰੋਗਰਾਮਾਂ ਵਿੱਚ ਸਰੋਤੇ ਲੱਖਾਂ ਦੀ ਗਿਣਤੀ ਵਿੱਚ ਹੋ ਸਕਦੇ ਹਨ ਤੇ ਸੂਈ ਡਿਗਣ ਦੀ ਆਵਾਜ਼ ਨਹੀਂ ਆਉਂਦੀ ਓਥੇ ਲਤਾ ਤੇ ਰੇਸ਼ਮਾਂ ਨੂੰ ਮੁੱਠੀ ਭਰ ਦਰਸ਼ਕਾਂ ਦੀਆਂ ਸਟੇਜ ਤੇ ਮਿੰਨਤਾਂ ਕਰਨੀਆਂ ਪੈਂਦੀਆਂ ਹਨ ਕਿ ਸਾਨੂੰ ਗਾਣਾ ਪੂਰਾ ਕਰ ਲੈਣ ਦਿਓ... ਕਿੰਨੀ ਸ਼ਰਮ ਵਾਲੀ ਗੱਲ ਹੈ — ਭਾਰਤੀ ਸੰਸਕ੍ਰਿਤੀ ਦਾ ਨਾਮ ਕਿੰਨਾ ਉੱਚਾ ਕਰ ਰਹੇ ਹਾਂ ਅਸੀਂ!

ਜੇ ਠੰਢੇ ਮਨ ਨਾਲ ਸੋਚਿਆ ਜਾਵੇ ਤਾਂ ਸਮੱਸਿਆ ਹੈ ਕੀ? ਖੱਪ ਪਾਉਣ ਵਾਲਾ ਬੰਦਾ ਚੰਗਾ ਭਲਾ ਦਿਸਦਾ ਹੈ। ਉਹ ਸ਼ਾਇਦ ਇਹ ਵੀ ਜਾਣਦਾ ਹੈ ਕਿ ਬਾਕੀ ਲੋਕ ਉਸਨੂੰ ਮੁਰਖ ਸਮਝਦੇ ਹਨ ਪਰ ਫੇਰ ਵੀ ਉਹ ਖੱਪ ਕਿਉਂ ਪਾਈ ਜਾਂਦਾ ਹੈ? ਇਸਦਾ ਇਕ ਕਾਰਣ ਤਾਂ ਇਹ ਵੀ ਹੋ ਸਕਦਾ ਹੈ ਕਿ ਪੰਜਾਬ ਵਿੱਚ ਜਾਇਜ਼ ਜਾਂ ਨਾ-ਜਾਇਜ਼ ਜੋਸ਼ ਦਾ ਪ੍ਰਗਟਾਅ ਹਮੇਸ਼ਾਂ ਮਰਦਊਪੁਣੇ ਦੀ ਨਿਸ਼ਾਨੀ ਸਮਝਿਆ ਗਿਆ ਹੈ। ਇੱਥੋਂ ਤੱਕ ਕਿ ਪੰਜਾਬ ਦੇ ਸਾਹਿੱਤ (ਖ਼ਾਸ ਕਰਕੇ ਕਵਿਤਾ) ਨੇ ਵੀ ਗੰਭੀਰ ਸੋਚਣੀ ਦੇ ਮੁਕਾਬਲੇ ਵਿੱਚ ਇਸੇ ਪਹਿਲੂ ਨੂੰ ਜ਼ਿਆਦਾ ਉਭਾਰਿਆ ਤੇ ਸਲਾਹਿਆ ਹੈ। ਰੌਲਾ ਪਾਉਣ ਵਾਲਾ ਬੰਦਾ ਬਾਕੀਆਂ ਨੂੰ ਇਕ ਤਰਾਂ ਨਾਲ ਚੈਲੰਜ ਕਰਦਾ ਹੈ ਕਿ ਉਹ ਚਾਹੇ ਤਾਂ ਸਾਰਿਆਂ ਦਾ ਅਮਨ-ਭੰਗ ਕਰ ਸਕਦਾ ਹੈ — ਉਹ 'ਜ਼ਬਰਦਸਤ ਮਰਦ' ਹੈ ਤੇ ਉਸਨੂੰ ਕਿਸੇ ਦੀ ਪ੍ਰਵਾਹ ਨਹੀਂ। ਠੀਕ ਦਿਸ਼ਾ ਵੱਲ ਜਾਂ ਇਨਸਾਫ਼ ਲਈ ਜੋਸ਼ ਦਾ ਪ੍ਰਗਟਾਵਾ ਮਾੜੀ ਗੱਲ ਨਹੀਂ ਸਗੋਂ ਸਲਾਹੁਣ ਜੋਗ ਹੈ ਪਰ ਜੋਸ਼ ਵਿੱਚ ਆਕੇ ਕੋਈ ਸੰਗੀਤ ਦਾ ਪ੍ਰੋਗਰਾਮ ਭੰਗ ਕਰ ਦੇਣਾ ਕਿੱਥੋਂ ਦੀ ਸੂਰਮਗਤੀ ਹੈ। ਅਸਲ ਵਿੱਚ ਤਾਂ ਇਸ 'ਜ਼ਬਰਦਸਤ ਮਰਦ' ਦੇ

 ਅੰਦਰ ਕੋਈ ਕਮਜ਼ੋਰੀ ਛੁਪੀ ਹੋਈ ਹੈ। ਉਹ ਸਮਝਦਾ ਹੈ ਮੈਨੂੰ ਕੋਈ ਜਾਣਦਾ ਹੀ ਨਹੀਂ, ਕੋਈ ਪੁੱਛਦਾ ਹੀ ਨਹੀਂ। ਇਸ ਲਈ ਉਹ ਰੌਲਾ ਪਾਕੇ ਦੱਸਣਾ ਚਾਹੁੰਦਾ ਹੈ ਕਿ "ਮੈਂ" ਵੀ ਹਾਂ।

ਮੇਰਾ ਇਸ ਦੋਸਤ ਨੂੰ ਸੁਝਾ ਹੈ ਕਿ ਇੱਕ ਵਾਰ ਉਹ ਇਕੱਲਾ ਬਹਿਕੇ ਪੂਰੀ ਈਮਾਨਦਾਰੀ ਨਾਲ ਆਪਣੇ ਮਨ ਤੋਂ ਪੁੱਛੇ: "ਕੀ ਆਪਾ ਤੇ ਜੋਸ਼ ਪ੍ਰਗਟਾਉਣ ਦਾ ਏਹੋ ਇੱਕੋ ਇੱਕ ਰਾਹ ਹੈ?"

---

# ਚੋਣ ਜਾਂ ਮਜ਼ਬੂਰੀ?

(ਪਿਛਲੇ ਅੰਕ ਵਿਚ ਛਪੇ 'ਆਪਣੇ ਲੋਕ' ਬਾਰੇ ਇਕ ਖ਼ਤ)

ਐਡੀਟਰ 'ਵਤਨੋਂ ਦੂਰ',

'ਵਤਨੋਂ ਦੂਰ' (ਦਸੰਬਰ 75/ ਜਨਵਰੀ 76 ਅੰਕ) ਵਿੱਚ ਨਵੇਂ ਸਥਾਈ ਕਾਲਮ 'ਆਪਣੇ ਲੋਕ' ਹੇਠਾਂ ਅਜਮੇਰ ਰੋਡੇ ਦਾ ਲੇਖ ਪੜ੍ਹਿਆ। 'ਵਤਨੋਂ ਦੂਰ' ਵਿੱਚ, ਵਤਨੋਂ ਦੂਰ ਰਹਿੰਦਿਆਂ ਲੋਕਾਂ ਬਾਰੇ ਇਤਨੇ ਸਪੱਸ਼ਟ ਅਤੇ ਸੁਹਿਰਦਤਾ ਨਾਲ ਸ਼ਾਇਦ ਪਹਿਲੀ ਵਾਰੀ ਹੀ ਗੱਲਬਾਤ ਤੁਰੀ ਹੈ। ਇਸ ਲਈ ਅਜਮੇਰ ਵਧਾਈ ਦਾ ਹੱਕਦਾਰ ਹੈ। ਇਸ ਕਾਲਮ ਦੀ 'ਵਤਨੋਂ ਦੂਰ' ਵਿੱਚ ਏਨੀ ਹੀ ਜ਼ਰੂਰਤ ਹੈ, ਜਿੰਨੀ ਕੈਨੇਡਾ ਵਿੱਚ 'ਵਤਨੋਂ ਦੂਰ' ਦੀ। ਉਮੀਦ ਹੈ ਇਹ ਕਾਲਮ ਜ਼ਰੂਰ ਹੀ ਸਥਾਈ ਹੋਵੇਗਾ। ਅਸੀਂ ਇਸ ਉਦਮ ਨੂੰ ਜੀ ਆਇਆਂ ਆਖਦੇ ਹੋਏ ਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਾਂ। ਨਾਲ ਹੀ ਆਸ ਕਰਦੇ ਹਾਂ ਕਿ ਹੋਰ ਪਾਠਕ ਵੀ ਇਸ ਗੱਲਬਾਤ ਵਿੱਚ ਹਿੱਸਾ ਪਾਕੇ ਇਸਨੂੰ ਸਹੀ ਸੇਧ ਅਤੇ ਸਿੱਟਿਆਂ ਵੱਲ ਤੋਰਨਗੇ।

ਇਹ ਲੇਖ ਸਾਡੀਆਂ ਛੋਟੀਆਂ ਛੋਟੀਆਂ ਸਮੱਸਿਆਵਾਂ ਬਾਰੇ ਨਹੀਂ ਸਗੋਂ ਸਾਡੀ ਕੈਨੇਡਾ ਵਿੱਚ ਹੋਣ ਦੀ ਸਮੁੱਚੀ ਸਮੱਸਿਆ ਤੇ ਚਾਨਣਾ ਪਾਉਂਦਾ ਹੈ। ਇੰਨੀ ਵੱਡੀ ਸਮੱਸਿਆ ਬਾਰੇ ਇਸ ਛੋਟੇ ਜਿਹੇ ਲੇਖ ਵਿੱਚ ਕਿਸੇ ਸਿੱਟੇ ਤੇ ਪਹੁੰਚਣਾ ਸੰਭਵ ਨਹੀਂ। ਅਜਮੇਰ ਦੇ ਲੇਖ ਦੀਆਂ ਆਖਰੀ ਸਤਰਾਂ ਵਿੱਚ ਇਹ ਕਹਿਣਾ, "... ਏਥੇ-ਓਥੇ ਰਹਿਣਾ ਸਾਡੀ ਆਪਣੀ ਚੋਣ ਹੈ–", ਕਾਫ਼ੀ ਚੁਭਿਆ ਹੈ। ਕੀ ਸਾਡਾ ਜਾਂ ਕਿਸੇ ਵੀ ਕੌਮ ਦੇ ਲੋਕਾਂ ਦਾ, ਚਾਹੇ ਉਹ ਇਟਾਲੀਅਨ, ਚੀਨੀ, ਗਰੀਕ, ਫਰਾਂਸੀਸੀ ਜਾਂ ਕੋਈ ਵੀ ਹੋਣ – ਇਥੇ ਰਹਿਣਾ ਵਾਕਿਆ ਹੀ ਆਪਣੀ ਚੋਣ ਹੈ? ਇਹ ਸਵਾਲ ਕਾਫ਼ੀ ਸੋਚ ਵਿਚਾਰ ਤੇ ਖੋਜ ਦੀ ਮੰਗ ਕਰਦਾ ਹੈ। ਜੇ ਅਸੀਂ ਪੰਜਾਬੀਆਂ ਦੀ ਹੀ ਉਦਾਹਰਣ ਲਈਏ ਤਾਂ ਬਹੁ-ਗਿਣਤੀ ਉਹਨਾਂ ਲੋਕਾਂ ਦੀ ਮਿਲੇਗੀ ਜੋ ਪੰਜਾਬ ਵਿਚ ਰਹਿਣ ਨੂੰ ਪਹਿਲ ਦੇਣਗੇ ਜੇ ਪੰਜਾਬ ਦੇ ਆਰਥਿਕ ਹਾਲਤ ਇਥੋਂ ਵਰਗੇ ਹੋ ਜਾਣ ਤਾਂ। ਲੇਖ ਦੇ ਪਹਿਲੇ ਹਿੱਸੇ ਵਿੱਚ ਆਏ ਪਾਤਰਾਂ ਦੀ ਗੱਲਬਾਤ ਵੀ ਇਹ ਸਿੱਧ ਕਰਦੀ ਹੈ: "ਐਥੇ ਆ ਨਾ ਆਨੇ ਆਲੀਬਾਂ ਤੇ – ਊਂ ਦੇਸ ਜਾਣ ਨੂੰ ਕੀਹਦਾ ਜੀਅ ਨੀ ਕਰਦਾ ਗੱਲ ਤਾਂ ਸਾਰੀ ਢਿੱਡ ਦੀ ਐ – ਹੋਰ ਐਥੇ ਸਾਡੇ ਆਂਡੇ ਤਾਂ ਨੀ ਦਿੱਤੇ।"

ਅਸੀਂ ਮਜ਼ਬੂਰੀ ਨੂੰ ਚੋਣ ਨਹੀਂ ਕਹਿ ਸਕਦੇ। ਇਸ ਲਈ ਅਸੀਂ ਇਹ ਸੁਝਾਅ ਦਿੰਦੇ ਹਾਂ ਕਿ ਇਸ ਸਵਾਲ ਨੂੰ ਹੋਰ ਚੰਗੀ ਤਰਾਂ ਸੋਚਿਆ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਜੇ ਇਹ ਸਾਬਤ ਹੋ ਜਾਵੇ ਕਿ ਇਹ ਠੀਕ ਹੀ ਸਾਡੀ ਆਪਣੀ ਚੋਣ ਹੈ ਤਾਂ ਸਾਨੂੰ ਕਿਸੇ ਤੇ ਸ਼ਿਕਾਇਤ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਝੋਰਾ ਕਰਨਾ ਚਾਹੀਦਾ ਹੈ। ਪਰ ਜੇ ਅਜੇਹਾ ਸਾਬਤ ਨਾ ਹੋਵੇ ਤਾਂ ਸਾਨੂੰ ਇਹ ਲੱਭਣਾ ਚਾਹੀਦਾ ਹੈ ਕਿ ਸ਼ਿਕਾਇਤ ਕਿਸਤੇ ਕਰਨੀ ਹੈ।

ਅਸੀਂ ਅਜਮੇਰ ਦੇ ਇਸ ਖ਼ਿਆਲ ਨਾਲ ਪੂਰੀ ਤਰਾਂ ਸਹਿਮਤ ਹਾਂ ਕਿ ਸਾਨੂੰ ਆਪਣੇ ਅੰਦਰੋਂ ਸ੍ਵੈ-ਹੀਣਤਾ ਦੇ ਅਹਿਸਾਸ ਕੱਢਣੇ ਚਾਹੀਦੇ ਹਨ ਅਤੇ ਨਸਲੀ ਵਿਤਕਰੇ ਵਿਰੁਧ ਡਟ ਜਾਣਾ ਚਾਹੀਦਾ ਹੈ। ਪਰ ਸਾਨੂੰ ਨਾਲ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ "... ਅੱਧ ਏਥੇ ਤੇ ਅੱਧ ਓਥੇ ਹੈ। ਅਸੀਂ ਆਪਣੇ ਅੱਧ ਨੂੰ ਜਿੰਨਾ ਵੀ ਕੋਸ਼ਿਸ਼ ਕਰਕੇ ਸੁਹਣਾ ਬਣਾਈਏ ਸਾਡੇ ਭਾਰਤੀ ਅੱਧ ਦਾ ਸਾਡੇ ਤੇ ਅਸਰ ਪੈਣਾ ਹਕੀਕਤ ਹੈ। ਜਿੰਨਾਂ ਚਿਰ ਭਾਰਤ ਦੇ ਆਰਥਿਕ, ਸਮਾਜਿਕ ਤੇ ਸਿਆਸੀ ਹਾਲਾਤ ਜਿਉਂ ਦੇ ਤਿਉਂ ਹਨ ਓਨਾ ਚਿਰ ਇੱਥੇ ਸਾਡੇ ਨਾਲ ਇਥੋਂ ਦੀ ਸਰਕਾਰ ਤੇ ਲੋਕਾਂ ਦਾ ਵਤੀਰਾ ਪੂਰੀ ਤਰਾਂ ਬਦਲ ਨਹੀਂ ਸਕਦਾ।

ਅਸੀਂ ਅਜਮੇਰ ਰੋਡੇ ਦੇ ਕੱਢੇ ਸਿੱਟਿਆਂ ਨਾਲ ਉੱਕਾ ਹੀ ਸਹਿਮਤ ਨਹੀਂ। ਸਾਡੇ ਖ਼ਿਆਲ ਵਿੱਚ ਇਹ ਜਲਦਬਾਜ਼ੀ ਦਾ ਨਤੀਜਾ ਹੈ। "ਏਥੇ ਰਹਿਣਾ ਜਾਂ ਓਥੇ ਰਹਿਣਾ ਜਾਂ ਏਥੇ-ਓਥੇ ਰਹਿਣਾ..." ਉਕਾ ਹੀ ਸਾਡੀ ਚੋਣ ਨਹੀਂ ਹੈ – ਹਾਂ, ਕਿਸੇ ਇੱਕ ਵਿਅਕਤੀ ਦੀ ਚੋਣ ਤਾਂ ਹੋ ਸਕਦੀ ਹੈ, ਪਰ ਸਮੁੱਚੀ ਕਮਿਊਨਿਟੀ ਦੀ ਚੋਣ ਕਦੀ ਨਹੀਂ ਹੋ ਸਕਦੀ। ਸਮੁੱਚੀ ਕਮਿਊਨਿਟੀ ਦਾ ਝੋਰਾ ਕਰਨਾ ਤੇ ਸ਼ਿਕਾਇਤੀ ਸੁਰ ਹੋਣਾ ਚੰਗੀ ਗੱਲ ਹੈ। ਇਹ, ਘੱਟੋਘੱਟ ਸਾਬਤ ਕਰਦੀ ਹੈ ਕਿ ਅਸੀਂ ਵੀ ਜਿਉਂਦੇ ਲੋਕ ਹਾਂ। ਸਾਡੇ ਤੇ ਵੀ ਤਬਦੀਲੀਆਂ ਦਾ ਅਸਰ ਹੁੰਦਾ ਹੈ। ਜੇ ਸਾਡੇ ਵਿੱਚ ਸ਼ੰਕਾਂ ਤੇ ਸ਼ਿਕਾਇਤਾਂ ਹੋਣਗੀਆਂ ਤਾਂ ਹੀ ਸਾਡੀਆਂ ਕੋਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਨਾਲ ਹੀ ਅਸੀਂ ਕਿਸੇ ਸੇਧ ਵੱਲ ਵਧ ਸਕਦੇ ਹਾਂ।

–ਸਾਧੂ ਤੇ ਸਰਵਣ
(BURNABY, B.C.)

# ਐਡੀਟੋਰੀਅਲ ਟੀਕਾਂ

ਸਾਧੂ ਤੇ ਸਰਦਨ! ਤੁਹਾਡੇ ਖ਼ਤ ਨੂੰ ਜੀ ਆਇਆਂ!! ਅਪ੍ਰੈਲ 75 ਵਿੱਚ 'ਨਸਲਵਾਦ ਅਤੇ ਸਵੈ-ਰੱਖਿਆ' ਬਾਰੇ ਲੰਬੇ ਲੇਖ ਦੇ ਅੰਤ ਵਿਚ ਅਸੀਂ ਸਾਰੇ ਲੇਖਕਾਂ ਤੇ ਪਾਠਕਾਂ ਨੂੰ ਇਸ ਸਮੱਸਿਆ ਬਾਰੇ ਲਿਖਤੀ ਵਿਚਾਰ ਭੇਜਣ ਦਾ ਖੁੱਲ੍ਹਾ ਸੱਦਾ-ਪੱਤਰ ਦਿੱਤਾ ਸੀ। ਸਾਡੇ ਵਿਚਾਰਾਂ ਨਾਲ ਸਹਿਮਤ ਨਾ ਹੋਣ ਵਾਲੇ 'ਲੇਖਕਾਂ', 'ਪਾਠਕਾਂ', "ਬੁੱਧੀਜੀਵੀਆਂ' ਤੇ 'ਰਾਜਨੀਤਕ ਵਿਦਵਾਨਾਂ' ਨੇ ਜ਼ਬਾਨੀ-ਕਲਾਮੀ ਤਾਂ ਬਹੁਤ ਰੌਲਾ ਰੱਪਾ ਪਾਇਆ ਪਰ ਲਿਖਤੀ ਵਿਚਾਰ ਕਿਸੇ ਨੇ ਵੀ ਭੇਜਣ ਦੀ ਕੋਸ਼ਿਸ਼ ਕੀਤੀ – ਇਸ ਨਿਰਾਸ਼ਾਜਨਕ ਸਥਿਤੀ ਨੂੰ ਮੈਂ ਜ਼ਿੰਮੇਵਾਰੀ ਤੇ ਗੰਭੀਰਤਾ ਦੀ ਘਾਟ ਕਹਿੰਦਾ ਹਾਂ। ਇਸਦੇ ਉਲਟ 'ਆਪਣੇ ਲੋਕ' ਵਿੱਚ 'ਜ਼ਾਹਰਾ-ਅਸਹਿਮਤੀ' ਵਾਲੇ ਨੁਕਤੇ ਉਠਾਕੇ ਤੁਸੀਂ ਸੁਹਿਰਦਤਾ ਦਾ ਸਬੂਤ ਦਿੱਤਾ ਹੈ। ਮੈਂ ਸੰਖੇਪ ਵਿਚਾਰ ਪ੍ਰਗਟ ਕਰਾਂਗਾ।

'ਪੰਜਾਬ ਦੇ ਆਰਥਿਕ ਹਾਲਤ ਕੈਨੇਡਾ ਵਰਗੇ ਨਹੀਂ ਹਨ' - ਕੀ ਉਨ੍ਹਾਂ ਨੂੰ ਕੈਨੇਡਾ ਵਰਗੇ ਨਾ ਕਰ ਸਕਣ ਸਾਡੀ ਮਜਬੂਰੀ ਹੈ ਜਾਂ ਚੋਣ?

"ਅਸੀਂ 'ਮਜਬੂਰੀ' ਨੂੰ 'ਚੋਣ' ਨਹੀਂ ਕਹਿ ਸਕਦੇ" – ਕੀ 'ਚੋਣ' ਨੂੰ 'ਮਜਬੂਰੀ' ਕਹਿ ਸਕਦੇ ਹਾਂ?

ਇਹ ਲੱਭਣਾ ਕੋਈ ਔਖਾ ਨਹੀਂ ਕਿ 'ਸ਼ਿਕਾਇਤ ਕਿਸਤੇ ਕਰਨੀ ਹੈ' – ਭਾਰਤ ਦੇ ਆਰਥਿਕ, ਸਮਾਜਿਕ ਤੇ ਸਿਆਸੀ ਹਾਲਾਤ ਤੇ ਉਨ੍ਹਾਂ ਦੀਆਂ ਜ਼ਿੰਮੇਵਾਰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਤਾਕਤਾਂ ਤੇ। 'ਸ਼ੱਕੀ' ਤੇ 'ਸ਼ਿਕਾਇਤੀ ਸੁਭਾ' ਹੋਣਾ ਮਾੜਾ ਨਹੀਂ, ਪਰ ਕੀ ਕੇਵਲ ਸ਼ੱਕੀ ਤੇ ਸ਼ਿਕਾਇਤੀ ਸੁਭਾ ਹੀ 'ਜਿਉਂਦੇ ਹੋਣ' ਦੀ ਨਿਸ਼ਾਨੀ ਹੈ? ਹਾਂ, ਹਾਲਤ ਨੂੰ ਠੀਕ ਕਰਨ ਵਾਲੀ ਦਿਸ਼ਾ 'ਚ ਕਦਮ ਪੁੱਟਣਾ ਜਿਉਂਦੇ ਹੋਣ ਦੀ ਨਿਸ਼ਾਨੀ ਜ਼ਰੂਰ ਹੈ – ਇਹ 'ਹਾਲਤ' ਭਾਵੇਂ 'ਏਥੇ' ਹੈ, ਭਾਵੇਂ 'ਉਥੇ', ਭਾਵੇਂ 'ਏਥੇ-ਉਥੇ'।

ਇਸ ਵਿਚਾਰ-ਵਿਧੀ ਤੇ ਤੁਰਦਿਆਂ ਮੈਨੂੰ ਤੁਹਾਡੇ ਖ਼ਤ ਤੇ ਅਜਮੇਰ ਦੇ ਲੇਖ ਦੇ ਸਾਰ-ਅੰਸ਼ਾਂ ਵਿੱਚ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ। ਅਜਮੇਰ ਨੇ ਇਸ ਵਿਕਰਾਲ ਸਮੱਸਿਆ ਦਾ ਇਕ ਤੇ ਤੁਸੀਂ ਦੂਜਾ ਰੁਖ ਪੇਸ਼ ਕੀਤਾ ਹੈ। ਤੁਸੀਂ 'ਭਾਰਤੀ-ਅੱਖ' ਦੇ ਦ੍ਰਿਸ਼ਟੀਕੋਣ ਤੋਂ ਵਿਚਾਰ ਪ੍ਰਗਟਾਏ ਹਨ ਤੇ ਅਜਮੇਰ ਨੇ 'ਕੈਨੇਡੀਅਨ-ਅੱਖ' ਨੂੰ ਆਧਾਰ ਬਣਾਇਆ ਹੈ (ਜੋ ਕਿ ਮੁਤਾਬਕ ਸੀ ਕਿਉਂਕਿ 'ਆਪਣੇ ਲੋਕ' ਦਾ ਮੰਤਵ ਹੀ "ਕੈਨੇਡਾ ਦੇ ਪੰਜਾਬੀਆਂ" ਦਾ ਜੀਵਨ-ਵਿਸ਼ਲੇਸ਼ਣ ਹੈ।)

ਇਹ ਮੇਰੇ ਨਿੱਜੀ ਵਿਚਾਰ ਹਨ ਤੇ ਇਨ੍ਹਾਂ ਦਾ ਇਹ ਮਤਲਬ ਕਦਾਚਿਤ ਨਹੀਂ ਕਿ ਸਿਖਰਲਾ ਸੱਚ ਮੇਰੀ ਮੁੱਠੀ ਵਿੱਚ ਆ ਗਿਆ ਹੈ – ਨਾ ਹੀ ਇਸ ਸਮੱਸਿਆ ਤੇ ਇਹ ਅੰਤਮ ਜਾਂ ਸੰਪੂਰਨ ਵਿਚਾਰ ਕਹੇ ਜਾ ਸਕਦੇ ਹਨ। ਕੈਨੇਡਾ ਵਰਗੇ ਵਿਸ਼ਾਲ ਤੇ ਬਹੁ-ਸੱਭਿਆਚਾਰਕ ਦੇਸ਼ ਵਿਚ ਭਾਰਤੀਆਂ ਤੇ ਪੰਜਾਬੀਆਂ ਦੀਆਂ ਬਹੁਪੱਖੀ ਸਮੱਸਿਆਵਾਂ ਬਾਰੇ ਇਕ ਹੀ ਲੇਖ ਵਿੱਚ ਸਭ ਕੁਝ ਨਹੀਂ ਲਿਖਿਆ ਜਾ ਸਕਦਾ – ਇਸ ਸੀਮਾਂ ਬਾਰੇ ਤੁਸੀਂ ਖ਼ੁਦ ਵੀ ਚੇਤੰਨ ਹੋ। ਸਾਡਾ ਮੰਤਵ ਇਕ ਗੰਭੀਰ ਸੋਚਣੀ ਨੂੰ ਜਨਮ ਦੇਣਾ ਹੈ ਤੇ ਇਸ ਬਹਿਸ ਦਾ ਆਰੰਭ ਇਸ ਗੱਲ ਦਾ ਸੂਚਕ ਹੈ ਕਿ ਸਾਡੀ ਘਾਲ ਥਾਏਂ ਪਈ ਹੈ।

'ਵਤਨੋਂ ਦੂਰ' 'ਆਪਣੇ ਲੋਕ' ਬਾਰੇ ਸੰਖੇਪ ਤੇ ਭਾਵਪੂਰਤ ਖ਼ਤਾਂ ਦਾ ਸਵਾਗਤ ਕਰੇਗਾ।

– ਸੁਰਿੰਦਰ ਧੰਜਲ


PHONE ANY TIME FOR
NEW & USED CARS and HALF TON TRUCKS



MAJER SINGH DHALIWAL

CAR SALESMAN

594-2838

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ
ਤਸੱਲੀਬਖ਼ਸ਼ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਸੇਲਜ਼ਮੈਨ

ਮੇਜਰ ਸਿੰਘ ਧਾਲੀਵਾਲ

ਨੂੰ ਮਿਲੋ ਜਾਂ ਫੋਨ ਕਰੋ: 594-2838 (24 HRS.)



GARY PONTIAC—BUICK & GMC LTD.

BEST WISHES FROM

WATNO DUR

to

BALWINDER BRAR M.Sc.

(Fresh, Young and Talented
Real Estate Salesman)

Office: 581-4601
Residence: 596-6606

BLOCK BROS. REALTY LTD.

A Division of Block Bros. Industries Ltd.
9360 – 120 Street, Surrey, B.C.
581-4601

ਕੈਨੇਡਾ: ਸੁਰਜੀਤ ਕਲਸੀ, ਰਵਿੰਦਰ ਰਵੀ, ਗਿੱਲ ਮੋਰਾਂਵਾਲੀ, ਕਸ਼ਮੀਰਾ ਸਿੰਘ ਚਮਨ, ਇੰਦਰਜੀਤ ਸਿੰਘ 'ਜੀਤ', ਲਖਬੀਰ ਜਟਾਣਵੀ, ਧਨਵੰਤ ਕਲਸੀ ਅਤੇ ਹਰਜਿੰਦਰ ਪਾਂਧੀ
ਭਾਰਤ: ਡਾ: ਆਤਮ ਹਮਰਾਹੀ, ਸਤੀਸ਼ ਕੁਮਾਰ ਵਰਮਾ, ਬੰਤਾ ਸਿੰਘ ਧਾਲੀਵਾਲ

## ਬਿਨ-ਚਿਹਰੀ

(ਸੁਰਜੀਤ ਕਲਸੀ)
VANCOUVER, B.C.

ਹੱਵਾ ਤਾਂ ਚਿਹਰੇ ਵਾਲੀ ਸੀ
ਪਰ ਉਸ ਦੀ ਕੁੱਖ 'ਚੋਂ ਜਨਮੀ
ਹਰ ਔਰਤ ਦਾ ਚਿਹਰਾ
ਸਮੇਂ ਨੇ ਖੋ ਲਿਆ
ਤੇ ਸਦੀਆਂ ਸਦੀਆਂ ਤੋਂ
ਮਰਦ ਦੇ ਚਿਹਰੇ ਨੂੰ ਨਹੀਂ
ਉਹਦੀ ਪੈੜ ਨੂੰ ਤਕਦੀ ਰਹੀ
ਬਿਨ ਚਿਹਰਿਓਂ ਔਰਤ।

ਅੱਜ ਜੇ ਉਸ
ਆਪਣਾ ਗਵਾਚਾ ਚਿਹਰਾ ਲੱਭ ਲਿਆ ਹੈ
ਤੇ ਆਪਣੇ ਮੋਢਿਆਂ ਤੇ ਟਿਕੀ
ਖ਼ਾਲੀ ਧੌਣ 'ਤੇ ਜੜ ਲਿਆ ਹੈ
ਤਾਂ ਇਸ 'ਚ ਅਸਚਰਜ ਕਿਹਾ
ਇਕੱਲਾ ਚਿਹਰਾ ਹੀ ਨਹੀਂ
ਉਸਨੂੰ ਹੁਣ ਸਿਰ ਆਪਣੇ 'ਚ
ਚਾਨਣ ਦਾ ਆਭਾਸ ਹੋਇਆ ਹੈ।

ਨਿਰਾਰਥਕ
ਇਹ ਤਾਂ ਚਿਹਰੇ ਦਾ ਯੁਗ ਨਹੀਂ ਹੈ
ਬਦਨ ਦੀ ਬੋਲੀ ਬੋਲਦੀ
ਹਰ ਮਰਦਾਵੀਂ ਸੋਚ
ਔਰਤ ਦਾ ਧੜ ਕੁਰਦੀ ਹੈ।

## ਪਰਮ ਸੁਤੰਤਰਤਾ ਦੀ ਤਲਾਸ਼ ਵਿਚ ਪੰਜ ਪ੍ਰਭਾਵ

(ਰਵਿੰਦਰ ਰਵੀ)
TERRACE, B.C.

੧.
ਪੱਤੀ ਪੱਤੀ ਕਿਰਨਾ, ਟੁੱਟਣਾ ਕਣੀ ਕਣੀ
ਜੇ ਰੁੱਖ ਦੀ ਜੜ੍ਹ ਬੱਦਲ, ਤਾਂ ਰੁੱਖ ਨਹੀਂ ਬਣਨਾ।... ...

੨.
ਜਿੰਨੀ ਬਾਲ੍ਹ ਫਲੀ, ਉੱਨੀ ਕਾਂਗ ਚੜ੍ਹੀ
ਨਾ ਅੰਕਰ ਵਿਚ ਹਰਕਤ, ਨਾ ਰੌਂ ਗੌਰਵਤੀ,
– ਅਜੀਵਨ ਕੀ ਕਰਨਾ... ...

੩.
ਜਿੰਨੀ ਵਾਟ ਕਰੋ, ਉਨੇ ਪੈਰ ਛੁਰੇ
ਨਾ ਨਖਸ਼ਾਂ ਦਾ ਮੂੰਹ, ਨਾ ਮੰਜ਼ਲ ਦਾ ਮੱਥਾ
ਜੇ ਚਿੰਤਨ ਵਿਚ ਉਲਝਣ, ਭਟਕਣ ਰੁੱਖ ਮਨ.....

੪.
ਜੇ ਬੋਲਾਂ ਵਿਚ ਸ਼ਬਦ
ਕੰਪੇ ਨੰਗ, ਜਲ ਥਲ ਹਰ ਥਰਕੇ
ਮੌਨ ਰਹਾਂ, ਤਾਂ, ਤਿੱਖੀ ਪਵਨ
ਮਨ ਹਰ ਥਾਂ ਨਸ਼ਰ ਕਰੇ
ਨਿਰਵਾਣੀ ਨਾ ਵਾਣੀ ਮੇਰੀ
ਨਾ ਪਰਬਤ ਨਾ ਝਰਨ ... ...

੫.
ਅੰਦਰ ਮੁੜਿਆਂ ਕੰਡੇ ਉੱਗਣ
ਦ੍ਰਿਸ਼ਟੀ ਲੀਰੋ ਲੀਰ
ਆਪਣੀ ਲੋਅ ਵਿੱਚ ਬੰਦ ਬੰਦ ਕੱਟਣ
ਚਿੰਤਨ ਦੀ ਤਕਦੀਰ
ਗੁੰਬਦ ਵਿਚ ਪ੍ਰਤੀਧੁਨੀਆਂ ਸੂਲਾਂ
ਰੋਮ ਰੋਮ ਵਿਚ ਪੁੜਨਾ ... ...

## ਗ਼ਜ਼ਲ

(ਗਿੱਲ ਮੋਰਾਂਵਾਲੀ)
NORTH VANCOUVER, B.C.

ਕੁਝ ਇਸ ਤਰਾਂ ਅੱਜ
ਤੇਰਾ ਖ਼ਿਆਲ ਆਇਆ।
ਮਰਕੇ ਵੀ ਜਿਉਣੇ ਦਾ
ਸਵਾਲ ਆਇਆ!

ਜਦ ਕਦੇ ਵੀ
ਮੁਹੱਬਤ ਦਾ ਖ਼ਿਆਲ ਆਇਆ
ਅਣਖ ਇੱਜ਼ਤ ਆਪਣੀ ਦਾ
ਸਵਾਲ ਆਇਆ।

ਮੇਰਾ ਮੇਰੇ 'ਚ ਹੁਣ
ਕੁਝ ਵੀ ਨਹੀਂ ਰਿਹਾ
ਜਦ ਵੀ ਆਇਆ
ਤੇਰਾ ਖ਼ਿਆਲ ਆਇਆ।

ਤੈਨੂੰ ਭੁਲਾਉਣ ਤਾਂ
ਕੋਈ ਮੁਸ਼ਕਲ ਨਹੀਂ
ਆਪ ਨੂੰ ਹੀ ਫਿਰ
ਆਪਣਾ ਸਵਾਲ ਆਇਆ।

ਕੁਝ ਇਸ ਤਰਾਂ ਵੀ
ਜ਼ਿੰਦਗੀ ਗੁਜ਼ਰੀ ਹੈ
ਖ਼ਿਆਲ ਆਇਆ ਕਦੇ
ਨਾ ਸਵਾਲ ਆਇਆ।

## ਸੂਰਜ

(ਕਸ਼ਮੀਰ ਸਿੰਘ ਚਮਨ)
CALGARY, ALBERTA

ਜਿਹੜਾ ਸੂਰਜ ਕੱਲ੍ਹ ਚੜ੍ਹਿਆ ਸੀ, ਮੁੜ ਨਾ ਨਜ਼ਰੀਂ ਆਇਆ।
ਜਾਪ ਰਿਹਾ ਹੈ ਕੱਲ੍ਹ ਦੇ ਸੂਰਜ, ਆਪਣਾ ਰੂਪ ਵਟਾਇਆ।
ਲੋਕੀਂ ਬੇਸ਼ੱਕ ਆਖ ਰਹੇ ਹਨ, ਇਹ ਸੂਰਜ ਕੱਲ੍ਹ ਵਾਲਾ,
ਮੈਂ ਤਾਂ ਕੱਲ੍ਹ ਵਾਲੇ ਸੂਰਜ ਦਾ ਚੇਤਾ ਨਹੀਂ ਭੁਲਾਇਆ।
ਕੱਲ੍ਹ ਦੇ ਸੂਰਜ ਅੰਦਰ ਮੈਂ ਸੀ, ਖੇਡ ਰਿਹਾ ਸੰਗ ਬਾਲਾਂ,
ਤਾਂ ਫਿਰ ਅੱਜ ਦੇ ਸੂਰਜ ਮੇਰਾ ਬਚਪਨ ਕਿਉਂ ਗਵਾਇਆ।
ਕੱਲ੍ਹ ਦੇ ਸੂਰਜ ਦੀ ਧੁੱਪ ਦੇ ਸੰਗ, ਖੇਡੀ ਮੇਰੀ ਜਵਾਨੀ,
ਇਸ ਸੂਰਜ ਮੇਰਾ ਕਿਹੜੀ ਗੱਲੋਂ ਜੋਬਨ ਵੇਸ ਲੁਕਾਇਆ।
ਮੈਂ ਨਹੀਂ ਮੰਨਦਾ ਇਹ ਉਹ ਸੂਰਜ ਜਿਸ ਸੰਗ ਪਲੀ ਜਵਾਨੀ,
ਇਹ ਸੂਰਜ ਤਾਂ ਮੇਰੀ ਖਾਤਰ, ਸ਼ਾਮਾਂ ਲੈ ਕੇ ਆਇਆ।

## ਗ਼ਜ਼ਲ

(ਇੰਦਰਜੀਤ ਸਿੰਘ 'ਜੀਤ')
GREENWOOD, B.C.

ਕਦੇ ਤਾਂ ਜ਼ਾਲਮ ਮੁਸਕਾ ਕੇ ਪਿਲਾਦੇ।
ਬੁੱਲ੍ਹੀਆਂ ਨਾਲ ਛੁਹਾ ਕੇ ਪਿਲਾਦੇ।
ਗਲਾਸ ਮੇਰੀ ਤਰਫ਼ ਨਜ਼ਰ ਗ਼ੈਰ ਵੱਲ,
ਨੈਣਾਂ ਨਾ ਨੈਣ ਮਿਲਾ ਕੇ ਪਿਲਾਦੇ।
ਦੁਨੀਆਂ ਕੀ ਆਖੂ ਐਵੇਂ ਨਾ ਡਰ ਤੂੰ,
ਬੇਸ਼ੱਕ ਸਭ ਨੂੰ ਦਿਖਾ ਕੇ ਪਿਲਾਦੇ।
ਗ਼ੈਰਾਂ ਦੀ ਗੱਲ ਇਸ ਵੇਲੇ ਨਾ ਛੇੜੀਂ,
ਮਸਤੀ ਭਰੀ ਨਜ਼ਰ ਮਿਲਾ ਕੇ ਪਿਲਾਦੇ।
ਅਧੂਰੇ ਸ਼ਰਾਬੀ ਤੋਂ ਚੰਗਾ ਹਾਂ ਸੋਫ਼ੀ,
ਜੇ ਹੈ ਪਿਲਾਣੀ, ਰਜਾ ਕੇ ਪਿਲਾਦੇ।
'ਜੀਤ' ਦਾ ਦਿਲ ਪੀੜਾਂ ਨੇ ਵਿੰਨ੍ਹਿਆ,
ਦੋ ਘੁੱਟ ਜ਼ਹਿਰ ਮਿਲਾ ਕੇ ਪਿਲਾਦੇ।

## ਝਰਨਾ

(ਲਖਬੀਰ ਜਟਾਣਵੀ)
CLEARBROOK, B.C.

ਇੱਕ ਝਰਨਾ ਵੇਖ ਓਏ! ਯਾਰ ਮੇਰੇ
ਜੋ ਸਿਖ਼ਰ ਪਹਾੜੋਂ ਢਹਿੰਦਾ ਏ!
ਹਰ ਪਾਂਧੀ ਗੁਜ਼ਰੇ ਉਸ ਪਾਸੋਂ
ਉਹ ਕਿਸੇ ਨੂੰ ਕੁਝ ਨਾ ਕਹਿੰਦਾ ਏ!

ਜਦ ਡਿੱਗੇ ਜ਼ਿਮੀਂ ਤੇ ਸਿਰ-ਪਰਨੇ,
ਉਹਦੀ ਚੀਕ ਗੂੰਜਦੀ ਹਰ ਪਾਸੇ
ਪਰ ਇਹ ਜ਼ਮਾਨਾ ਉਸ ਕੋਲੇ,
ਗੂੰਗਾ-ਬੋਲਾ ਬਣਕੇ ਰਹਿੰਦਾ ਏ!

## ਪੰਛੀਆਂ ਦੇ ਨਾਂ

(ਬਲਦੇਵ ਕਲਸੀ)
VANCOUVER, B.C.

ਆ ਤਿੱਤਰ, ਮੇਰੇ ਮਿੱਤ ਪਿਆਰਿਆ ਮਿੱਤਰਾ!
ਤੈਨੂੰ ਮੋਤੀ ਚੋਗ ਚੁਗਾਵਾਂ!!

ਆ ਕਾਵਾਂ, ਤੇਰੇ ਸਦਕੇ ਜਾਵਾਂ!
ਚੂਰੀ ਦੀ ਤੈਨੂੰ ਲੱਪ ਖੁਆਵਾਂ
ਜੇ ਮੇਰੇ ਵਿਹੜੇ ਕੁਰਲਾਵੇਂ!
ਚਿਰ ਦੇ ਵਿੱਛੜੇ ਮਾਹੀ ਦਾ, ਜੇ ਸੰਦੇਸ਼ ਲਿਆਵੇਂ!!

ਕਿਉਂ ਕੋਇਲੇ ਤੂੰ ਬਾਗੀਂ ਕੂਕੇਂ?
ਨਿਰਮੋਹੀ ਪ੍ਰਦੇਸੀ ਲਈ ਤੂੰ
ਫੁੱਲ ਜਿਹੇ ਦਿਲ ਨੂੰ ਕਿਉਂ ਪਈ ਫੂਕੇਂ?

ਵੇ ਤਿੱਤਰ, ਵੇ ਕਾਵਾਂ ਵੇ!
ਤੁਸੀਂ ਉਡਦੇ ਜਾਵੋ।
ਇਸ ਤੱਤੜੀ ਦੇ ਪ੍ਰਦੇਸੀ ਨੂੰ ਤੁਸੀਂ ਮੋੜ ਲਿਆਵੋ।

ਆ ਕੋਇਲੇ, ਮੇਰਾ ਅੰਦਰ ਬੋਲੇ!
ਅੱਜ ਬੈਠੀ ਤੈਨੂੰ ਦੱਸਣ
ਚੱਲ ਉੱਡ ਚੱਲੀਏ ਪ੍ਰਦੇਸੀਂ ਜਿੱਥੇ ਸਾਡੇ ਮਾਹੀ ਵੱਸਣ।

## ਦੋ ਕਵਿਤਾਵਾਂ

(ਰਾਜਿੰਦਰ ਪਾਂਧੀ)
HOUSTON, B.C.

### ੧. ਹਾਦਸਾ

ਇੱਕ ਸਵੇਰ ਜਦੋਂ ਅੱਖਾਂ ਖੁੱਲ੍ਹੀਆਂ
ਅੱਖੀਆਂ ਵਿੱਚ ਸੀ ਕੁਛ ਕੁਛ ਪਛਤਾਵਾ।
ਸ਼ਾਇਦ ਫੇਰ ਕੱਲ੍ਹ ਗੁਜ਼ਰਿਆ ਸੀ ਹਾਦਸਾ ਕੋਈ
ਜਿਸਦਾ ਜਿਸਮ ਤੇ ਸੀ ਅਜੇ ਪਰਛਾਵਾਂ।
ਖ਼ਿਆਲ ਫਿਰ ਅੰਗੜਾਈ ਲੈ ਲੈ ਟੁੱਟੇ
ਨਾ ਕੋਈ ਉਤਰਿਆ ਪੂਰਾ ਨਾ ਕੋਈ ਸਾਵਾਂ।
ਫੇਰ ਜਦੋਂ ਕੋਈ ਇਸਦਾ ਜ਼ਿਕਰ ਕਰੇਗਾ
ਸਮਾਂ ਏਦਾਂ ਗੁਜ਼ਰ ਜਾਵੇਗਾ ਅਣ-ਸੁਖਾਵਾਂ।

### ੨. ਤੇਰੀ ਨਗਰੀ

ਤੇਰੇ ਸੁਹਣੇ ਜਿਹੇ ਇਸ ਨਗਰ ਵਿੱਚ
ਤੇਰਾ ਸੁਹਣਾ ਜਿਹਾ ਘਰ ਹੈ।
ਦਸਤਕ ਦੇਣ ਲਈ ਘਰ ਤੇਰੇ ਦਾ
ਇੱਕ ਸੁਹਣਾ ਜਿਹਾ ਦਰ ਹੈ।
ਪਰ ਮੈਂ ਸੱਜਣੀ ਦਰ ਤੇਰੇ ਤੇ
ਦਸਤਕ ਕਿਵੇਂ ਮੈਂ ਦੇਵਾਂ?
ਮੇਰੇ ਅਹਿਸਾਸਾਂ ਦੀ ਹੱਤਿਆ ਹੋਵੇਗੀ
ਮੇਰੇ ਆਪੇ ਨੂੰ ਇਹ ਡਰ ਹੈ।

## ਗ਼ਜ਼ਲ

–ਡਾ. ਆਤਮ ਹਮਰਾਹੀ

ਇਸ਼ਕ ਨੂੰ ਦੀਦਾਰ ਦੀ ਤ੍ਰਿਸ਼ਨਾ ਰਹੇ।
ਸ਼ੌਕ ਸਾਹਵੇਂ ਹੁਸਨ ਦੀ ਬਣ ਬਣ ਬਹੇ।
ਕਰ ਜਾਏ ਜੇ ਨਜ਼ਰ ਦੂਣ ਸਿਦਕ ਨਾਲ,
ਉਮਰ ਸਾਰੀ ਰੂਹ ਦੇ ਉੱਤੋਂ ਨਾ ਲਹੇ।
ਟਾਵੇਂ ਟਾਵੇਂ ਪਾਲਦੇ ਸਾਹਾਂ ਦੇ ਨਾਲ,
ਬੋਲ ਜਿਹੜੇ ਤਰ ਜਵਾਨੀ ਵਿਚ ਕਹੇ।
ਤਾਹਨਿਆਂ ਦੇ ਫੱਟ ਭਰਦੇ ਤਦੇ ਹੀ,
ਦਿਲਬਰੀ ਦੇ ਸੱਜਣ ਜੇ ਰੱਖੇ ਫਹੇ।
ਮੂਰਖਾਂ ਦਾ ਕੰਮ ਬਹਿੰਦੇ ਵਿਟਰ ਕੇ,
ਵਸਲ ਦੀ ਹੈ ਸ਼ਰਤ ਜੇ ਅੜਿਆ ਰਹੇ।
ਔਕੜਾਂ ਤੇ ਅੰਤ ਨੂੰ ਪਾਵੇ ਅਬੂਰ,
ਹੋਣੀਆਂ ਦੇ ਨਾਲ ਜੋ ਨਿਸਦਿਨ ਖਹੇ।
ਸ਼ਅਰ ਕਹਿਣਾ ਸੌਖਾ, ਹੈ ਮਰਦਾਨਗੀ,
ਪੈੜੀ ਪਾਉਣਾ ਛੱਡਕੇ ਵਗਦੇ ਪਹੇ।
ਹਿਜਰ ਦੇ ਜੰਗਲ 'ਚ ਦਿਲਬਰ ਤੁਧ ਬਿਨ,
ਪੁੱਛ ਨਾ, ਇਸ ਦਿਲ ਨੇ ਜਿਹੜੇ ਗ਼ਮ ਸਹੇ।
ਸ਼ੁਕਰ ਹੈ ਉਸ ਪਲ ਨੂੰ ਕੰਨੀ ਛੁੱਟ ਗਈ,
ਚੜ੍ਹ ਗਏ ਸਾਂ ਕਿਹੜੀਆਂ ਅਕਲਾਂ ਢਹੇ।

[ਲੁਧਿਆਣਾ]

---

## ਗੀਤ

(ਕੈਨੇਡਾ ਵਾਸੀ ਭਾਰਤੀ ਜਿਗਰੀ ਦੋਸਤ ਜਗਤਾਰ ਗਿੱਲ ਦੇ ਨਾਂ)

– ਬੰਤਾ ਸਿੰਘ ਧਾਲੀਵਾਲ

ਦੂਰ ਵਤਨ ਤੋਂ ਜਾਕੇ ਸੱਜਣਾ ਭੁੱਲ ਨਾ ਜਾਈਂ 'ਕਰਾਰਾਂ ਨੂੰ।
ਮਹਿਫ਼ਲ ਵਿੱਚ ਜੋ ਜੁੜ ਸੀ ਬਹਿੰਦੇ, ਸੱਚੇ ਜਿਗਰੀ ਯਾਰਾਂ ਨੂੰ।
ਵਤਨ ਤੇਰੇ ਵਿੱਚ ਯਾਦ ਤੇਰੀ ਦੇ ਲਾਂਬੂ ਦਿਲ ਵਿਚ ਮਚਦੇ ਨੇ।
ਦੀਦ ਤੇਰੇ ਨੂੰ ਅੱਖੀਆਂ ਤਰਸਣ ਝਪ ਝਪ ਹੰਝੂ ਵਸਦੇ ਨੇ।
ਦੌਲਤ ਦੇ ਵਿੱਚ ਗਾਫ਼ਲ ਹੋਕੇ ਤੋੜੀਂ ਨਾ ਨੇਹੁੰ ਸਾਕਾਂ ਨੂੰ।
ਜਿਸ ਅੰਮੜੀ ਤੈਨੂੰ ਪਾਲਣ ਖ਼ਾਤਰ, ਲੱਖਾਂ ਲਾਡ ਲਡਾਏ ਸੀ।
ਭੁੱਖੀ-ਭਾਣੀ ਪੀਹ ਕੇ ਚੱਕੀ, ਸ਼ੌਕ ਤੇਰੇ ਪੂਰ ਚੜ੍ਹਾਏ ਸੀ।
ਉਸ ਅੰਮੜੀ ਦਾ ਦਰ ਪਛਾਣੀ ਛੱਡ ਕੇ ਮੌਜ ਬਹਾਰਾਂ ਨੂੰ।
ਸਿਖਰ ਦੁਪਹਿਰੇ ਖੇਤੀ ਤੇਰੇ ਬਾਬਲ ਖ਼ੂਨ ਸੁਕਾਇਆ ਸੀ।
ਸੌ ਸੌ ਪਾਪੜ ਵੇਲ ਕੇ ਉਸਨੇ ਤੈਨੂੰ ਫੁੱਲਾਂ ਤੇ ਪਾਇਆ ਸੀ।
ਉਸ ਬਾਬਲ ਦਾ ਦਿਲ ਨਾ ਢਾਹਵੀਂ ਭੁੱਲਕੇ ਲਾਡ ਲਡਾਰਾਂ ਨੂੰ।
ਤੁਰਿਆ ਸੀ ਜਦ ਤੂੰ ਵਤਨਾਂ ਤੋਂ, ਕੁਝ ਮਾਪਿਆਂ ਕੋਲ ਦੀ ਰੀਤ ਸੀ।
ਭੈਣ ਕੁਆਰੀ ਘਰ ਵਿੱਚ ਬੈਠੀ ਜਿਸਨੂੰ ਤੱਕ ਤੱਕ ਹੰਝੂ ਪੀਤੇ ਸੀ।
ਰੱਖੀ ਚਾੜ੍ਹ ਭੈਣ ਨੂੰ ਡੋਲੀ, ਪੂਰਾ ਕਰੀਂ 'ਕਰਾਰਾਂ ਨੂੰ।
ਵਿੱਚ ਦਹਿਲੀਜ਼ਾਂ ਖੜ੍ਹੀ ਜੋ ਰੋਂਦੀ ਤੇਰੇ ਦਿਲ ਦੀ ਰਾਣੀ ਸੀ।
ਗੋਦੀ ਵਿੱਚ ਤੇਰਾ ਲਾਲ ਉਠਾ ਕੇ, ਪੀਂਦੀ ਵਾਰਕੇ ਪਾਣੀ ਸੀ।
ਉਸ ਮਹਿਰਮ ਨੂੰ ਭੁੱਲ ਨਾ ਜਾਵੀਂ, ਮਿਲਕੇ ਮੇਮ ਗਦਾਰਾਂ ਨੂੰ।
ਆਸਾਂ ਦਿਲ ਵਿੱਚ ਗ਼ਮ ਫ਼ਿਕਰਾਂ ਵਿੱਚ ਡੁੱਬੇ ਤੇਰੇ ਮਾਪਿਆਂ ਦੇ।
ਸੁਖ ਨਾ ਵੇਖਿਆ ਜਿੰਨਾ ਕਦੇ ਵੀ ਢੱਠੇ ਹੋਏ ਸਿਆਪਿਆਂ ਦੇ।
'ਧਾਲੀਵਾਲ' ਮਾਪੇ ਰੱਬ ਹੁੰਦੇ, ਭੁੱਲੀਂ ਨਾ ਪੂਜਣਹਾਰਾਂ ਨੂੰ।
ਦੂਰ ਵਤਨ ਤੋਂ ਜਾਕੇ ਸੱਜਣਾ ਭੁੱਲ ਨਾ ਜਾਈਂ 'ਕਰਾਰਾਂ ਨੂੰ।
ਮਹਿਫ਼ਲ ਵਿੱਚ ਜੋ ਜੁੜ ਸੀ ਬਹਿੰਦੇ, ਸੱਚੇ ਜਿਗਰੀ ਯਾਰਾਂ ਨੂੰ।

[ਪਿੰਡ ਤੇ ਡਾਕ: ਰੀਮਾਂ (ਜੋਧਪੁਰ) – ਜ਼ਿਲ੍ਹਾ ਸੰਗਰੂਰ]

---

## ਸਫ਼ਰ ਦਾ ਆਗਾਜ਼

– ਸਤੀਸ਼ ਕੁਮਾਰ ਵਰਮਾ

ਸਫ਼ਰ ਤਾਂ ਸ਼ੁਰੂ ਹੋ ਗਿਆ ਸੀ
ਬਹੁਤ ਦੇਰ ਪਹਿਲਾਂ
ਜਨਮ-ਦਿਵਸ ਤੋਂ ਹੀ,
ਜਦ ਮਾਂ ਦੀਆਂ ਲੋਰੀਆਂ 'ਚ
ਪਰਚਦਾ ਰਿਹਾ
ਤੇ ਬੀਮਾਰ ਮਾਂ ਦਵਾਈਆਂ-ਖੁਣੋਂ
ਹੋਰ ਬੀਮਾਰ ਹੁੰਦੀ ਗਈ।
ਸਫ਼ਰ ਤਾਂ ਸ਼ੁਰੂ ਹੋ ਗਿਆ ਸੀ
ਬਚਪਨ 'ਚ ਹੀ
ਪਿੰਡ ਦੀ ਧਰਮਸ਼ਾਲਾ 'ਚ
ਤਪੜਾਂ - ਵਿਹੂਣੇ ਟਾਟ ਤੇ ਬਹਿਕੇ
ਮੈਂ ਸਬਕ ਲਿਆ ਸੀ
ਤੇ ਫੇਰ ਪੌੜੀਆਂ ਚੜ੍ਹਦੇ
ਮੈਂ ਕਿੰਨੇ ਹੀ ਸੁਪਨੇ ਬੁਣੇ ਸਨ
ਮਾਂ ਦੀ ਸਿਹਤ-ਯਾਬੀ ਵਾਸਤੇ।
ਪਿਉ ਦੇ ਕਬਾੜਕੀ ਜੀਵਨ 'ਚ
ਰੰਗ ਭਰਨ ਦੇ।
ਭੈਣਾਂ ਭਰਾਵਾਂ ਦੀ ਖ਼ੁਸ਼ਹਾਲੀ ਲਈ!
... ਸੁਪਨਿਆਂ ਦੀ ਸੁਨਹਿਰੀ ਭਾਹ

ਧੀਲੱਤਣ 'ਚ ਵਟਦੀ ਗਈ
ਤੇ ਵਿਦਿਆ ਹਾਸਲ ਕਰਨ ਲਈ
ਲਿਆ ਕਰਜ਼ਾ
ਵਿਦਿਆਲਿਆਂ ਦੇ ਬੈਂਕ ਵਰਗੇ
ਢਿੱਡਾਂ 'ਚ ਭਰਦਾ ਗਿਆ।
ਅਜੇ ਆਸ ਬਾਕੀ ਸੀ
ਉਗਮਣ ਦੀ ਕੋਈ
ਚਾਨਣ ਦੀਆਂ ਰਿਸ਼ਮਾਂ।
ਸੁਨਹਿਰੇ ਪੜਾਵਾਂ ਤੇ ਪੁੱਜਣ
ਦੀ ਲਾਲਸਾ।
ਸਫ਼ਰ ਤਾਂ ਜਾਰੀ ਸੀ
ਜਦ ਹੱਥਾਂ 'ਚ ਸੌਂਹ ਆਈ
ਇਕ ਸਨਦ ਲੰਮੀ ਜਿਹੀ
ਸਨਦ ਜੋ ਸਨਦ ਬਣਕੇ

ਹੀ ਰਹਿ ਗਈ
ਤੇ ਜਿਸਦੀਆਂ ਨਕਲਾਂ
ਹੁੰਦੀਆਂ ਰਹੀਆਂ
ਅਰਥੋਂ ਬੇ ਅਰਥ
ਵੱਖੋ ਵੱਖਰੇ ਦਫ਼ਤਰਾਂ ਦੀਆਂ ਫਾਈਲਾਂ 'ਚ।
ਸਫ਼ਰ ਤਾਂ ਜਾਰੀ ਹੈ
ਕਿ ਜਿਸਦੇ ਆਗਾਜ਼ ਤੋਂ ਹੀ
ਮੈਂ ਸੁਪਨਿਆਂ ਦੇ ਤਾਣੇ ਬੁਣੇ ਸਨ
ਤਾਣੇ, ਜਿਨ੍ਹਾਂ ਦੀ ਤਾਣੀ
ਹੀ ਉਲਝ ਕੇ ਰਹਿ ਗਈ।

ਸਫ਼ਰ ਤਾਂ
ਸ਼ੁਰੂ ਹੋ ਗਿਆ ਸੀ
ਬਹੁਤ ਦੇਰ ਪਹਿਲਾਂ।

[ਪੰਜਾਬੀ ਯੂਨੀਵਰਸਿਟੀ, ਪਟਿਆਲਾ]

**Buying, selling, or trading**

- Homes new or old
- Commercial properties or sites
- Apartment blocks
- Farms, land, home, acreage or any other real estate need.

For free consultation and professional real estate service.

Please contact without any obligation.



ਅਜਾਇਬ ਜੰਡਾ

**AJAIB S JANDA**

SERVING YOU SINCE 1971

Top salesman in Cambie office and member of the Diamond Club.

of

**BLOCK BROS. REALTY LTD.**

5842 CAMBIE, VANCOUVER

OFF. 321-6881

RES. 434-4660

434-2393

# PAMELA INTERNATIONAL TRAVEL

4877 MAIN STREET, VANCOUVER, B.C. PHONE: 876-2248

SERVING YOU AT DIFFERENT LOCATIONS:

DELHI, BANGKOK, HONG KONG & LOS ANGELES

SPECIALIZE IN FARES TO

INDIA, LONDON, HONG KONG, TOKYO, FIJI, SINGAPORE, BANGKOK

4 MONTHS EXCURSION VIA LONDON OR HONG KONG ($959 + TAX)

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ:
(੯੫੯ ਡਾਲਰ + ਟੈਕਸ)

**FOR ALL YOUR TRAVEL NEEDS**

**CONTACT**

**PAMTRAVEL — 876-2248**

ਸਥਾਈ ਕਾਲਮ
## ਸੰਜੀਵਨੀ ਬੂਟੀ
(ਹਾਸ ਰਸ)

# ਗ਼ਲਤੀਆਂ

(ਸੂਬਾ ਸਿੰਘ)

ਮੇਰੇ ਖ਼ਿਆਲ ਵਿੱਚ ਮਾਨਸ ਜਨਮ ਹੈ ਤਾਂ ਦੁਰਲੱਭ ਤੇ ਵਾਰ ਵਾਰ ਨਹੀਂ ਮਿਲਦਾ, ਪਰ ਮਿਲਿਆ ਸਾਨੂੰ ਇਹ ਗ਼ਲਤੀਆਂ ਕਰਨ ਲਈ ਹੈ। ਜੇ ਇਹ ਗੱਲ ਨਾ ਹੁੰਦੀ ਤਾਂ ਸਮੇਂ ਸਮੇਂ ਵਲੀ, ਪੀਰ, ਔਲੀਆ, ਫ਼ਕੀਰ ਤੇ ਅਵਤਾਰ ਮਨੁੱਖ ਮਾਤਰ ਨੂੰ ਸਿੱਧੇ ਰਾਹ ਪਾਉਣ ਲਈ ਮਨੁੱਖੀ ਜਾਮਾ ਧਾਰਨ ਦਾ ਕਸ਼ਟ ਨਾ ਕਰਦੇ, ਗ਼ਲਤੀਆਂ ਨਾ ਕਰਨਾ ਪਰਮਾਤਮਾ ਦੀ ਦਿਆਲਤਾ ਤੋਂ ਇਨਕਾਰ ਕਰਨਾ ਹੈ। ਜੇ ਬੰਦਾ ਗ਼ਲਤੀ ਨਹੀਂ ਕਰੇਗਾ, ਗੁਨਾਹਾਂ ਨਾਲ ਆਪਣਾ ਦਾਮਨ ਦਾਗ਼ਦਾਰ ਨਹੀਂ ਕਰੇਗਾ ਤਾਂ ਪਰਮਾਤਮਾ ਨੂੰ ਬਖਸ਼ਣਹਾਰ ਕੌਣ ਕਹੇਗਾ? ਇਸ ਕਰਕੇ ਮੈਂ ਇਹ ਗੱਲ ਮੰਨਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕਰਦਾ ਕਿ ਮੈਂ ਮਨੁੱਖਾ ਜਨਮ ਦਾ ਪੂਰਾ ਪੂਰਾ ਲਾਭ ਉਠਾਇਆ ਹੈ, ਗ਼ਲਤੀ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਜੇ ਸੁਤੇ ਕੋਈ ਗ਼ਲਤੀ ਨਹੀਂ ਹੋਈ ਤਾਂ ਜਾਣ ਬੁੱਝ ਕੇ ਕਰ ਦਿੱਤੀ ਤਾਕਿ ਸਿਆਣਿਆਂ ਦੀ ਇਹ ਗੱਲ ਝੂਠੀ ਨਾ ਪੈ ਜਾਏ ਕਿ ਮਨੁੱਖ ਗ਼ਲਤੀਆਂ ਦਾ ਪਲੰਦਾ ਹੈ। ਸੋ ਇਸ ਤਰ੍ਹਾਂ :

ਰਸਤੇ ਜ਼ਿੰਦਗੀ ਦੇ ਪੈਰ ਪੈਰ ਉਤੇ,
ਅਸੀਂ ਰੱਜ ਕੇ ਗ਼ਲਤੀਆਂ ਕੀਤੀਆਂ ਜੇ।

ਤੇ ਸਚ ਪੁਛਿਆ ਜਾਏ ਤਾਂ ਮੈਂ ਸਿਵਾਏ ਗ਼ਲਤੀਆਂ ਤੋਂ ਹੋਰ ਕੰਮ ਹੀ ਨਹੀਂ ਕੀਤਾ। ਇਸ ਵਾਸਤੇ ਇਹ ਫੈਸਲਾਂ ਕਰਨਾ ਔਖਾ ਹੈ ਕਿ ਮੇਰੀ ਸੱਭ ਤੋਂ ਵੱਡੀ ਗ਼ਲਤੀ ਕਿਹੜੀ ਸੀ? ਨਾਲੇ ਮੈਂ ਸਮਾਜਵਾਦੀ ਰੁਚੀਆਂ ਦਾ ਧਾਰਨੀ ਹਾਂ, ਮੈਨੂੰ ਗ਼ਲਤੀਆਂ ਵਿੱਚ ਵੀ ਛੋਟੀ ਜਾਂ ਵੱਡੀ ਦਾ ਵਿਤਕਰਾ ਪਾਉਣਾ ਚੰਗਾ ਨਹੀਂ ਲੱਗਦਾ। ਮੇਰੇ ਲਈ ਉਹ ਸਾਰੀਆਂ ਇੱਕੋ ਜੇਹੀਆਂ ਹਨ।

"ਆਪੇ ਫੈਸਲਾ ਕਰਨਗੇ ਸੁਣਨ ਵਾਲੇ,
ਪੇਸ਼ ਉਹਨਾਂ ਦੇ ਗ਼ਲਤੀਆਂ ਕਰਨ ਲੱਗਾਂ"

ਪਰ ਲਗਦੇ ਹੱਥ ਮੈਂ ਇਹ ਦੱਸ ਦਿਆਂ ਕਿ ਮੇਰੀਆਂ ਗ਼ਲਤੀਆਂ ਬਹੁਤੀਆਂ ਸਧਾਰਨ ਜਾਂ ਅਵਾਮੀ ਨਹੀਂ ਹਨ। ਇਹ ਨਹੀਂ ਕਿ ਕਿਸੇ ਮੂਰਖ ਨੂੰ ਅਕਲ ਦੀ ਗੱਲ ਆਖ ਕੇ ਦੋ ਘਸੁੰਨ ਖਾ ਲਏ, ਜਾਂ ਕਿਸੇ ਉਭਰਦੇ ਨੌਜਵਾਨ ਕਵੀ ਦੀ ਰਚਨਾ ਨੂੰ ਹੌਲੀ ਦੱਸ ਕੇ ਵੱਖੀਆਂ ਭਨਵਾ ਲਈਆਂ। ਮੈਂ ਇਸ਼ਕ ਵਿਸ਼ਕ ਦੀ ਗ਼ਲਤੀ ਵੀ ਨਹੀਂ ਕੀਤੀ, ਕਿਉਂਕਿ ਇਹ ਗ਼ਲਤੀ ਰੱਜ ਖਾਣ ਦੀ ਮਸਤੀ ਜਾਂ ਦਿਮਾਗ਼ ਦੀ ਖ਼ਰਾਬੀ ਕਾਰਨ ਹੁੰਦੀ ਹੈ। ਮੇਰੇ ਵਰਗੇ ਸਹੀ-ਦਿਮਾਗ਼ ਭੁੱਖੇ ਨੰਗੇ ਆਦਮੀ ਦੇ ਵੱਸ ਦਾ ਇਹ ਰੋਗ ਨਹੀਂ। ਹਾਕਮ ਦੀ ਅਗਾੜੀ ਘੋੜੇ ਦੀ ਪਛਾੜੀ ਜਾਣ ਦੀ ਗ਼ਲਤੀ ਵੀ ਨਹੀਂ ਹੋ ਸਕੀ ਕਿਉਂਕਿ ਇਸ ਦਾ ਮੌਕਾ ਨਹੀਂ ਮਿਲਿਆ। ਮੈਂ ਗੱਲਾਂ ਪੀਹਣ ਪਾਉਣ ਦਾ ਆਦੀ ਨਹੀਂ, ਗੱਲ ਨੂੰ ਲਮਕਾਉਂਦਾ ਨਹੀਂ, ਉਹ ਗ਼ਲਤੀਆਂ ਪੇਸ਼ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਥੋੜੀ ਬਹੁਤ ਉਦਾਸੀ ਤੇ ਸਿਆਣਪ ਬਖਸ਼ੀ ਹੈ।

ਗ਼ਲਤੀ ਨਾਲ ਆਪਣੇ ਆਪ ਨੂੰ ਕਵੀ ਸਮਝ ਲੈਣਾ ਹੋਰ ਗੱਲ ਹੈ ਤੇ ਕਵੀ ਸਮੇਲਨ ਉਪਰ ਸੱਦੇ ਜਾਣਾ ਹੋਰ ਗੱਲ ਹੈ। ਉਸ ਵਾਸਤੇ ਪ੍ਰਬੰਧਕਾਂ ਦੇ ਮਗਰ ਫਿਰਨ ਜੋਗਾ ਗਿੱਟਿਆਂ ਵਿੱਚ ਜ਼ੋਰ ਚਾਹੀਏ, ਨਹੀਂ ਤਾਂ ਉਹ ਸੱਦਣ ਦੀ ਗ਼ਲਤੀ ਕਦੇ ਨਹੀਂ ਕਰਦੇ। ਇਸ ਵਾਸਤੇ ਭੱਜ ਨੱਠ ਕੇ ਅਸੀਂ ਕਵੀ ਦਰਬਾਰ ਦਾ ਸੱਦਾ ਇਕ ਲਾਗਲੇ ਸ਼ਹਿਰ ਤੋਂ ਲੈ ਲਿਆ। ਅੱਧੀ ਰਾਤ ਤੋਂ ਮਗਰੋਂ ਤਕ ਕਵੀ ਦਰਬਾਰ ਚਲਦਾ ਰਿਹਾ ਤੇ ਬਾਜ਼ਾਰ ਦੇ ਢਾਬੇ ਬੰਦ ਹੋ ਗਏ। ਪਰਬੰਧਕਾਂ ਨੇ ਪੰਜ ਪੰਜ ਰੁਪਏ ਪੂਰੀ ਦਰਿਆਦਿਲੀ ਨਾਲ ਧੰਨਵਾਦ ਸਮੇਤ ਸਾਡੀਆਂ ਤਲੀਆਂ ਤੇ ਰੱਖੇ ਤਾਂ ਮੈਂ ਉਚੀ ਨਾਲ ਸੁਣਾਉਂਦਿਆਂ ਕਿਹਾ— "ਅਸੀਂ ਗ਼ਲਤੀ ਕੀਤੀ, ਕਾਹਨੂੰ ਆਏ।"

ਮੁੱਖ ਪਰਬੰਧਕ ਨੇ ਕੜਕਵੀਂ ਅਵਾਜ਼ ਵਿੱਚ ਜਵਾਬ ਮੋੜਿਆ। "ਗ਼ਲਤੀ ਤੁਸੀਂ ਨਹੀਂ ਅਸੀਂ ਕੀਤੀ, ਤੁਹਾਨੂੰ ਪੰਜ ਪੰਜ ਦੇਣ ਦੀ ਕਿਹੜੀ ਲੋੜ ਸੀ, ਅਸੀਂ ਮਕਾਮੀ ਕਵੀਆਂ ਨੂੰ ਅੱਠ ਅੱਠ ਆਨੇ ਦਿੰਦੇ ਤਾਂ ਉਹਨਾਂ ਨੇ ਉਸ਼ੇਰ ਤਕ ਕਿਸੇ ਨੂੰ ਉੱਠਣ ਨਹੀਂ ਸੀ ਦੇਣਾ।"

ਕਵਿਤਾ ਦੀ ਇਸ ਤਰ੍ਹਾਂ ਦੀ ਕਦਰਸ਼ਨਾਸੀ ਪਿਛੋਂ ਉਹਨਾਂ ਨੇ ਸਾਨੂੰ ਬਾਜ਼ਾਰ ਦੀ ਨੁੱਕਰ ਤੇ ਇਕ ਦੁਕਾਨ ਵਿੱਚ ਰਾਤ ਕੱਟਣ ਲਈ ਦਾਖ਼ਲ ਕਰ ਦਿੱਤਾ। ਬਸ ਪੁੱਛੋ ਕੁਛ ਨਾ ਫਰਸ਼ ਗਿੱਲਾ, ਕਿਤਿਓਂ ਪੱਕਾ ਤੇ ਕਿਤਿਓਂ ਕੱਚਾ ਡੰਗਰ ਬੰਨ੍ਹਣ ਵਾਲੇ ਕੋਠੇ ਦੇ ਫ਼ਰਸ਼ ਵਾਂਗ

ਖੜ੍ਹੇ ਪਏ ਸਨ ਤੇ ਇੱਕ ਤਿੱਖੀ ਸੜ੍ਹਿਹਾਨ ਅੰਦਰ ਫੈਲੀ ਹੋਈ ਸੀ। ਇੱਕ ਪਾਸੇ ਵੱਲ ਪੰਜ ਚਾਰ ਫਟੇ ਕੰਧ ਨਾਲ ਪਏ ਸਨ; ਉਹਨਾਂ ਉਪਰ ਸਿਨਮਾ ਇਸ਼ਤਿਹਾਰਾਂ ਦੀਆਂ ਤਸਵੀਰਾਂ ਸਨ। ਇੱਕ ਨੁਕਰੇ ਰੰਗਾਂ ਦੇ ਅੱਧ ਲਿਬੜੇ ਡੱਬੇ ਪਏ ਸਨ। ਪੰਜਾਂ ਲਈ ਦੋ ਅੱਧੋਰਾਣੀਆਂ ਰਜ਼ਾਈਆਂ ਆ ਗਈਆਂ ਤੇ ਇੱਕ ਪਾਟੀ ਪੁਰਾਣੀ ਦਰੀ। ਜੇ ਇੱਕ ਪਾਸੇ ਕੋਈ ਰਜ਼ਾਈ ਖਿੱਚੇ ਤਾਂ ਦੂਸਰਾ ਨੰਗਾ ਹੋ ਜਾਏ। ਸਰਦੀ ਵੀ ਹੱਡ ਚੀਰਵੀਂ, ਦੋ ਇੱਕ ਬੈਠ ਗਏ, ਬਾਕੀ ਦਿਆਂ ਨੇ ਲੱਤਾਂ ਗੁੱਛਾ ਕਰ ਕੇ ਹਿੱਕਾਂ ਨੂੰ ਲਾ ਲਈਆਂ ਕਿ ਕਿਸੇ ਤਰ੍ਹਾਂ ਅੱਖ ਲੱਗ ਜਾਏ। ਬੱਤੀ ਬੁਝਾਈ ਤਾਂ ਇੱਕ ਦਮ ਚੂਹਿਆਂ ਦਾ ਨਾਚ ਆਰੰਭ ਹੋ ਗਿਆ। ਮਾਰ ਸੇਹਿਆਂ ਜਿਡੇ ਜਿਡੇ ਚੂਹੇ, ਔਧਰ ਤੋਂ ਛਾਲ ਮਾਰਨ ਤਾਂ ਏਧਰ ਡਿੱਗਣ। ਏਧਰੋਂ ਓਧਰ, ਬਾਜ਼ੀਗਰਾਂ ਵਾਂਗ ਤਰੇੜਾਂ ਮਾਰਦੇ ਜਾਣ। ਇਕ ਨੇ ਹਨੇਰੇ ਵਿੱਚੋਂ ਚਾਂਗਰ ਮਾਰੀ। ਬੱਤੀ ਜਗਾਈ ਤਾਂ ਵੇਖਿਆ, ਉਸ ਦੇ ਨੱਕ ਤੇ ਚੂਹੇ ਨੇ ਦੰਦੀ ਵੱਢੀ ਸੀ ਤੇ ਲਹੂ ਪਰਲ ਪਰਲ ਵਗ ਰਿਹਾ ਸੀ। ਸੋਟਿਆਂ ਵਰਗੀਆਂ ਪੰਜ ਸੱਤ ਪੂਛਾਂ ਤਖ਼ਤਿਆਂ ਪਿਛੇ ਅੱਧ ਲੁਕੀਆਂ ਚੂਹਿਆਂ ਦੀ ਬੇ ਸ਼ੁਮਾਰ ਗਿਣਤੀ ਦਾ ਪਤਾ ਦੇ ਰਹੀਆਂ ਸਨ।" ਇਹ ਕਿਧਰੋਂ ਆ ਗਏ, ਇਸ ਥਾਂ ਤੇ ਖਾਣ ਵਾਲੀ ਕੋਈ ਚੀਜ ਨਹੀਂ" ਇੱਕ ਸਾਥੀ ਨੇ ਗੱਲ ਕੀਤੀ ਤਾਂ ਦੂਜੇ ਨੇ ਅੱਗੋਂ ਕਿਹਾ, ਜੇ ਹੋਰ ਕੋਈ ਚੀਜ਼ ਨਹੀਂ ਤਾਂ ਇਹ ਅੱਜ ਸਾਨੂੰ ਖਾ ਜਾਣਗੇ।"

"ਇਹ ਚੂਹੇ ਏਥੇ ਨੇ ਤੇ ਚੂਹੇ ਖਾਣਾ ਸੱਪ ਵੀ ਏਥੇ ਜ਼ਰੂਰ ਹੋਵੇਗਾ" ਇਹ ਗੱਲ ਸੁਣਦਿਆਂ ਇਉਂ ਲੱਗਿਆ ਕਿ ਫੱਟੇ ਤੇ ਵਾਹੀ ਤਸਵੀਰ ਵਾਲਾ ਸੱਪ ਜੀਊਂਦਾ ਹੋ ਗਿਆ ਹੈ। ਇੱਕ ਹੋਰ ਸ਼ਾਇਰ ਨੂੰ ਇਸ ਤੇ ਵਾਰਿਸ ਸ਼ਾਹ ਯਾਦ ਆ ਗਿਆ।

"ਵਾਰਿਸਸ਼ਾਹ ਮੀਆਂ ਹੀਰ ਇਉਂ ਛਹਿਰੀ,
ਜਿਵੇਂ ਸੱਪ ਸਹਿਜ਼ਾਦੇ ਦੀਆਂ ਟਿੱਬੀਆਂ ਦੇ।

'ਉਹ ਸਹਿਜ਼ਾਦੇ ਦੀ ਟਿੱਬੀ ਇਥੋਂ ਬਹੁਤੀ ਦੂਰ ਨਹੀਂ।" ਇੱਕ ਹੋਰ ਨੇ ਜਾਣਕਾਰੀ ਪੇਸ਼ ਕੀਤੀ ਤਾਂ ਅਸੀਂ ਕੰਬ ਗਏ। "ਬੱਤੀ ਜਗਦੀ ਰਹਿਣ ਦਿਓ, ਨਾ ਜਾਣੀਏ ........"
ਮੈਂ ਸਲਾਹ ਦੇਣੀ ਚਾਹੀ। ਅਜੇ ਗੱਲ ਮੇਰੇ ਮੂੰਹ ਵਿੱਚ ਹੀ ਸੀ ਕਿ ਬਾਹਰੋਂ ਪਹਿਲਾਂ ਭਾਰੀ ਭਾਰੀ ਬੂਟਾਂ ਵਾਲੇ ਪੈਰਾਂ ਦਾ ਖੜਾਕ ਆਇਆ ਤੇ ਫੇਰ ਸਿੰਘ-ਗਰਜਨਾ—"ਕਿਹੜੇ ਓਏ ਤੁਸੀਂ, ਬਦਮਾਸ਼, ਬੂਹਾ ਖੋਲੋ" ਇਸ ਤੋਂ ਪਹਿਲਾਂ ਕਿ ਅਸੀਂ ਹੁਕਮ ਦੀ ਪਾਲਣਾ ਕਰਦੇ, ਇੱਕ ਜ਼ੋਰਦਾਰ ਠੁੱਢੇ ਦੀ ਨੋਕਰ ਨਾਲ ਓੜਕ ਛੋਹਾ ਅੜਿਆ ਕੁੰਡਾ ਖੁੱਲਕੇ ਤਖ਼ਤੇ ਸੜਾਕ ਕਰਦੇ ਕੰਧਾਂ ਨਾਲ ਵਜੇ।

"ਕਿਥੇ ਜੇ ਪੱਤੇ, ਚਲੋ ਥਾਣੇ ਤੁਰੋ, । ਉਠੋ, । ਜਲਦੀ ਕਰੋ" ਦੋ ਪੁਲੀਸ ਦੇ ਸਿਪਾਹੀ ਇਕੱਠੇ ਹੀ ਕੜਕੇ।

"ਅਸੀਂ ਪੱਤਿਆਂ ਵਾਲੇ ਨਹੀਂ, ਅਸੀਂ ਤਾਂ ਕਵੀ ਹਾਂ" ਸਾਡੇ ਵਿਚੋਂ ਇੱਕ ਨੇ ਕੰਬਦੀ ਹੋਈ ਅਵਾਜ਼ ਨਾਲ ਕਿਹਾ।

"ਏਤਰਾਂ ਕੋਈ ਮੁਲਜ਼ਿਮ ਕਦੇ ਮੰਨਿਆ? ਇਸ ਵੇਲੇ ਬੱਤੀ ਜਗਾ ਕੇ ਕਵੀ ਬੈਠੇ ਸਨ—ਸੁਣ ਲਿਆ ਜੇ—ਸਾਨੂੰ ਚਾਰਦੇ ਓ, ਚਲੋ, ਉਠੋ ਥਾਣੇ ਨੂੰ ਉਥੇ ਜਾ ਕੇ ਕਵਿਤਾ ਸੁਣਾ ਲੈਣੀ।"

ਚਾਰਾ ਕੋਈ ਨਹੀਂ ਸੀ। ਸ਼ਾਹਦ ਕੋਈ ਨਹੀਂ। ਇਸ ਕਰਕੇ ਸਿਪਾਹੀਆਂ ਨਾਲ ਤੁਰ ਪਏ। ਭਾਰੇ ਸੋਹਿਆਂ, ਚੋੜੀ ਛਾਤੀ ਤੇ ਘਣੀਆਂ ਭਾਰੀਆਂ ਮੁੱਛਾਂ ਵਾਲਾ ਡਿਊਟੀ ਹੌਲਦਾਰ ਸਾਨੂੰ ਵੇਖਦਿਆਂ ਹੀ ਕੜਕਿਆ "ਕੀ ਕਰਦੇ ਸੀ, ਉਸ ਕੋਠੜੀ ਵਿੱਚ? ਅਸੀਂ ਤਾਂ ਮੁਲਜ਼ਮਾਂ ਨੂੰ ਪਤਾਲ ਵਿੱਚੋਂ ਕੱਢ ਲਿਆਈਦੇ।"

"ਹਜ਼ੂਰ ਅਸੀਂ ਤਾਂ ਕਵੀ ਹਾਂ ਜੁਆਰੀਏ ਨਹੀਂ" ਮੈਂ ਬੇਨਤੀ ਕੀਤੀ "ਹੂੰ ਕਵੀ, ਹੂੰ ਕਵੀ। ਕਵੀ ਸੀ ਤਾਂ ਤੁਹਾਨੂੰ ਮਰਨ ਨੂੰ ਹੋਰ ਕੋਈ ਥਾਂ ਨਾ ਲੱਭਿਆ? ਉਏ ਰਾਤੀਂ ਅਨਾਜ ਮੰਡੀ ਵਿੱਚ ਤੁਸੀਂ ਅੜਿੰਗੀ ਜਾਂਦੇ ਸੀ? ਖੂਬ ਸਵਾਂਗ ਬਣਾਇਆ ਜੇ। ਓਏ ਸਾਡਾ ਵੀ ਬਦਮਾਸ਼ਾਂ ਨਾਲ ਨਿੱਤ ਵਾਹ ਪੈਂਦਾ। ਤੁਸੀਂ ਏਥੇ ਕੀ ਲੈਣ ਆਏ? ਏਸ ਸ਼ਹਿਰ ਵਿੱਚ ਅਨਾਜ ਭਾਵੇਂ ਨਾ ਮਿਲੇ ਕਵੀਸ਼ਰ ਤੇ ਵੱਢਿਆਂ ਨਹੀਂ ਮੁੱਕਦੇ। ਲੱਗਦੇ ਕਵੀਸ਼ਰੀ ਦੇ ਨਾਂ ਹੇਠ ਤਾਂ "ਇਹ ਕਹਿਕੇ ਉਹ ਸਿਪਾਹੀਆਂ ਤੇ ਗੱਜਿਆ" ਤੁਸੀਂ ਇਹਨਾਂ ਸ਼ੋਹਦਿਆਂ ਤੋਂ ਕੀ ਲੈਣਾ ਸੀ? ਜੇ ਇਹਨਾਂ ਦੇ ਪੱਲੇ ਕੁਝ ਹੁੰਦਾ ਤਾਂ ਏਥੇ ਪੰਜਾਂ ਪੰਜਾਂ ਰੁਪਏਈਆਂ ਤੇ

ਸਭ ਦਾ ਸ਼ੁਕਰੀਆ ਅਦਾ ਕਰਦਾ ਹਾਂ।"

ਤਾਲੀਆਂ ਦੀ ਗੂੰਜ, ਜਿਵੇਂ ਹਜ਼ਾਰ ਸਿਰਲੇਖ ਇਕੱਠੇ ਵਜ ਉਠੇ ਹੋਣ। ਮਿੱਠੀਆਂ ਨਿਰਛਲ ਮੁਸਕਰਾਹਟਾਂ ਦਾ ਡੁੱਲ੍ਹ ਡੁੱਲ੍ਹ ਪੈਂਦਾ ਚੰਬਾ। ਹਾਹ ਦੇ ਕੱਪਾਂ ਨੇ ਨਿੱਘੀ ਫਿਜ਼ਾ ਵਿਚ ਹੋਰ ਨਿੱਘ ਤੇ ਅਪਣੱਤ ਭਰ ਦਿੱਤੀ। ਗੁਰਦਿਆਲ ਸਿੰਘ ਨਾਲ ਗਲਵੱਕੜੀਆਂ ਪਾਉਣ ਤੇ ਦਸਤਪੰਜਾ ਲੈਣ ਦੇ ਬਹਾਨੇ ਉਸ ਦੀ ਵਡਿਆਈ ਨੂੰ ਹੱਥ ਲਾ ਲਾ ਵੇਖਦੇ, ਵਡਿਆਈ ਦੀਆਂ ਝੋਲੀਆਂ ਭਰ ਕੇ ਅਸੀਂ ਸਾਰੇ ਹਾਲ ਵਿਚੋਂ ਬਾਹਰ ਨਿਕਲੇ। ਸਾਡੀਆਂ ਖ਼ੁਸ਼ੀਆਂ ਕਾਲਿਜ ਦੇ ਆਂਗਣ ਵਿਚ ਫੈਲ ਗਈਆਂ।

## ਗੁਰਦਿਆਲ ਸਿੰਘ

ਜਨਮ : 10 ਜਨਵਰੀ, 1933
ਵਿਦਿਆ : ਐਮ. ਏ. (ਪੰਜਾਬੀ)
ਕਿੱਤਾ : ਅਧਿਆਪਨ

### ਰਚਨਾਵਾਂ

ਕਹਾਣੀ-ਸੰਗ੍ਰਹਿ

1. ਬਕਲਮ ਖ਼ੁਦ (ਬੱਚਿਆਂ ਲਈ) 1958
2. ਸੱਗੀ ਫੁੱਲ 1959
3. ਚੰਨ ਦਾ ਬੂਟਾ 1964
4. ਓਪਰਾ ਘਰ 1965 (ਸਰਬਉੱਤਮ ਗਲਪ ਪੁਰਸਕਾਰ 1967) (ਭਾਸ਼ਾ ਵਿਭਾਗ ਪੰਜਾਬੀ)
5. ਕੁੱਤਾ ਤੇ ਆਦਮੀ 1972 (ਸਰਬਉੱਤਮ ਗਲਪ ਪੁਰਸਕਾਰ 1974) (ਭਾਸ਼ਾ ਵਿਭਾਗ ਪੰਜਾਬ)
6. ਮਸਤੀ ਬੋਤਾ 1975

ਨਾਵਲ

1. ਮੜ੍ਹੀ ਦਾ ਦੀਵਾ 1964 (ਸਰਬਉਤਮ ਗਲਪ ਪੁਰਸਕਾਰ 1966)
2. ਅਣਹੋਏ 1966 (ਸਰਬਉਤਮ ਗਲਪ ਪੁਰਸਕਾਰ 1968)
3. ਰੇਤੇ ਦੀ ਇਕ ਮੁੱਠੀ 1968
4. ਕੁਵੇਲਾ 1969
5. ਅਧ ਚਾਨਣੀ ਰਾਤ 1972 (ਨਾਨਕ ਸਿੰਘ ਨਾਵਲ ਪੁਰਸਕਾਰ 1975) (ਸਾਹਿਤ ਅਕਾਦਮੀ ਪੁਰਸਕਾਰ 1975)
6. ਆਥਣ-ਉੱਗਣ 1974

ਬਾਲ-ਪੁਸਤਕਾਂ

1. ਟੁਕ ਖੋਹ ਲਏ ਕਾਵਾਂ (1963) 1963
2. ਲਿਖਤਮ ਬਾਬਾ ਖੇਮਾ (ਕਲਪਿਤ ਆਤਮ ਕਥਾ) 1971
3. ਪਹੁ ਫੁਟਾਲੇ ਤੋਂ ਪਹਿਲਾਂ (ਨਾਵਲ) 1975

ਧੱਕੇ ਕਿਉਂ ਖਾਣ ਆਉਂਦੇ । ਮੈਂ ਤੀਹ ਸਾਲ ਨੌਕਰੀ ਕੀਤੀ ਹੈ । ਮੇਰਾ ਤਜਰਬਾ ਹੈ ਕਿ ਜਬ ਰੋਜ਼ਨਾਮਚੇ ਮੇਂ ਔਰਤ ਕਾ ਨਾਮ ਆਏ ਤੋ ਉਸ ਕੇ ਸਾਥ ਮੁਸੱਮਾਤ ਕਾ ਲਫਜ਼ ਜ਼ਰੂਰ ਆਤਾ ਹੈ । ਜਾਓ ਛੱਡੋ ਇਹਨਾਂ ਨੂੰ ! ਜਾਉ ਅੱਜ ਤਾਂ ਦਿੱਤਾ ਜੇ ਜਾਣ, ਜੇ ਮੁੜਕੇ ਏਸ ਸ਼ਹਿਰ ਪੈਰ ਪਾਇਆ ਤਾਂ ਯਾਦ ਰੱਖ ਮਾਰ ਮਾਰ ਕੇ ਬੰਦੇ ਦਾ ਪੁੱਤ ਬਣਾ ਦਿਆਂਗਾ— ਸਰਕਾਰ ਕੀ ਨੌਕਰੀ ਕੋਈ ਮਖੌਲ ਨਹੀਂ, ਹਮੇ ਕਰਨੀ ਆਉਂਦੀ ਹੈ । ਹਮ ਨੂੰ ਅਗਲਿਆਂ ਨੇ ਐਵੇਂ ਨਹੀਂ ਰੱਖਾ ਹੂਆ ।"

ਇਹ ਐਲਾਨ ਕਰਨ ਪਿਛੋਂ ਉਹ ਪਹਿਲਾਂ ਨਾਲੋਂ ਵਧੇਰੇ ਚੌੜਾ ਹੋ ਕੇ ਬੈਠ ਗਿਆ ਤੇ ਮੁੱਛਾਂ ਨੂੰ ਤਾਅ ਦੇਣ ਲੱਗ ਪਿਆ ।

ਮੈਂ ਉਸ ਦੀ ਗੱਲ ਪੱਲੇ ਬੰਨ੍ਹ ਲਈ, ਤੇ ਪ੍ਰਣ ਕਰ ਲਿਆ ਕਿ "ਇੱਕ ਵਾਰ ਕਵੀ ਦਰਬਾਰ ਤੇ ਜਾਣ ਦੀ ਗਲਤੀ ਕਰ ਲਈ, ਮੁੜਕੇ ਨਹੀਂ ਜਾਵਾਂਗਾ, ਮੇਰੀ ਤੌਬਾ ।"

ਜਿਸ ਤਰ੍ਹਾਂ ਕਿਸੇ ਕਵੀ ਨੇ ਲਿਖਿਆ ਹੈ ਕਿ "ਦਸਵੀਂ ਵਾਰ ਜਦ ਦਸਵੀਂ ਚੋਂ ਫੇਲ੍ਹ ਹੋਇਆ, ਕਰ ਲਈ ਨੌਕਰੀ ਮਜਨੂੰ ਨੇ ਟਾਲ ਉਤੇ" ਮੈਂ ਵੀ ਜਦੋਂ ਕਿਸੇ ਮੂਰਖ ਮਿੱਤਰ ਦੇ ਕਹੇ ਤੇ ਨੌਕਰੀ ਛੱਡਣ ਪਿੱਛੋਂ ਕੋਈ ਹੋਰ ਕੰਮ ਨਾ ਜੁੜਿਆ ਤਾਂ ਸ਼ਹਿਰ ਦੇ ਮੋੜ ਉਪਰ ਚਾਹ ਦੀ ਦੁਕਾਨ ਪਾ ਲਈ । ਉਹ ਸੀ ਨਿਕਾਸੀ ਜਾਇਦਾਦ । ਇਸ ਲਈ ਮਹਿਕਮਾ ਮੁੜਵਸਾਊ ਵਿੱਚ ਵਾਕਫੀਅਤ ਕੀਤੀ, ਫੇਰ ਯਾਰਾਂ ਦੋਸਤਾਂ ਕੋਲੋਂ ਕੁਛ ਪੈਸਾ ਭਰੂਹਿਆ ਤੇ ਦੁਕਾਨ ਦੇ ਇੱਕ ਪਾਸੇ ਵੱਲ ਪੰਜ ਸੱਤ ਲੱਕੜੀ ਦੇ ਬੈਂਚ, ਕੁਰਸੀਆਂ ਤੇ ਮੇਜ਼ਾਂ ਰੱਖ ਲਈਆਂ ਤੇ ਦੂਜੇ ਪਾਸੇ ਅੰਗੀਠੀ ਅਤੇ ਪਿਆਲੀਆਂ ਪਿਰਚਾਂ ਤੇ ਚਾਹਦਾਨੀਆਂ ਲਈ ਬੜਾ ਤਿਆਰ ਕਰ ਲਿਆ । ਕੰਧਾਂ ਫਿਲਮੀ ਤਸਵੀਰਾਂ ਨਾਲ ਸਜਾ ਲਈਆਂ । ਜਿਹੜਾ ਆਏ, ਉਹੀ ਕਹੇ, ਹੱਛਾ, ਚਾਹ ਦੀ ਦੁਕਾਨ ਪਾ ਲਈ । ਸੋਹਣਾ ਕੰਮ ਹੈ । ਆਦਮੀ ਕੁਛ ਕਰਦਾ ਹੀ ਚੰਗਾ ਲੱਗਦਾ ਹੈ । ਜਿਸ ਨੂੰ ਇਹ ਥਾਂ ਪਹਿਲਾਂ ਅਲਾਟ ਸੀ, ਉਹ ਕੱਖ ਭੰਨ ਕੇ ਦੋਹਰਾ ਨਹੀਂ ਸੀ ਕਰਦਾ, ਓੜਕ ਜੰਦਰਾ ਮਾਰ ਕੇ ਪਤਾ ਨਹੀਂ ਕਿਹੜੇ ਖੂਹ ਖਾਤੇ ਪੈ ਗਿਆ , ਪਰ ਇਸ ਵਾਹ ਵਾਹ ਤੋਂ ਅਗ੍ਹਾਂ ਨਾ ਤੁਰਦੇ, ਫੇਰ ਯਾਰ ਦੋਸਤ ਆਉਂਦੇ "ਚਾਹ ਪੀਉਗੇ" "ਕਿਉਂ ਨਹੀਂ, ਤੂੰ ਤਾਂ ਜ਼ਹਿਰ ਵੀ ਦੇਵੇਂ ਤਾਂ ਪੀ ਲਈਏ ।" ਫੇਰ ਉਹ ਦੋ ਚਾਰ ਪਿਆਲੀਆਂ ਪੀ, ਕਿਰਤਾਰਥ ਕਰਕੇ ਤੁਰ ਜਾਂਦੇ । ਪਹਿਲੇ ਦਿਨ ਹਿਸਾਬ ਕੀਤਾ ਤਾਂ ਕੁਲ ਪੰਜਾਹ ਪਿਆਲੀਆਂ ਚਾਹ ਦੀਆਂ ਬਣੀਆਂ ਸਨ, ਜਿਨ੍ਹਾਂ ਵਿਚੋਂ ਤੀਹ ਮੇਰੇ ਮਿੱਤਰ ਪੀ ਗਏ ਸਨ, ਪੰਜ ਮੈਂ ਤੇ ਬਾਕੀ ਦੀਆਂ ਨੌਕਰ ਤੇ ਉਹਦੇ ਮਿੱਤਰਾਂ ਨੇ ਬੰਨੇ ਲਾਈਆਂ ਸਨ । ਵੱਟਤ ਦਾ ਮੁਆਮਲਾ ਬਿਲਕੁਲ ਸਾਫ ਰਿਹਾ ਸੀ ।

ਪਰ ਮੈਂ ਹੌਸਲਾ ਹਾਰਨ ਵਾਲਾ ਨਹੀਂ ਸਾਂ ਕਿਉਂਕਿ ਪਹਿਲੇ ਦਿਨ ਦੁਕਾਨ ਤਾਂ ਚੱਟੀ ਹੁੰਦੀ ਹੈ । ਦੂਸਰੇ ਦਿਨ ਨਾਲ ਦੇ ਮਹੱਲੇ ਦੇ ਕੁਛ ਤਿੰਨ ਬੁੱਧੀ-ਜੀਵੀ ਆ ਗਏ । ਉਹਨਾਂ ਨੇ ਤਿੰਨ ਪਿਆਲੀਆਂ ਚਾਹ ਦੀਆਂ ਮੰਗੀਆਂ ਤੇ ਕੁਰਸੀਆਂ ਘਸੀਟ ਕੇ ਡਟ ਗਏ । ਅੱਧਾ ਸੈੱਟ ਤਿਆਰ ਹੁੰਦਿਆਂ ਹੁੰਦਿਆਂ ਉਹਨਾਂ ਵਿਚਕਾਰ ਬਹਿਸ ਛਖ ਪਈ ਸੀ ।

"ਜ਼ਿੰਦਗੀ ਦੀਆਂ ਬੀਮਾਰ ਕੀਮਤਾਂ ਤੋਂ ਮੈਂ ਨਹੀਂ ਡਰਦਾ"

"ਕਿਸੇ ਚੀਜ਼ ਤੋਂ ਡਰਨਾ, ਜ਼ਿੰਦਗੀ ਤੋਂ ਫਰਾਰ ਹੈ ਫਰਾਰ"

"ਮੈਂ ਤਾਂ ਹੋਂਦਵਾਦੀ ਹਾਂ, ਮੈਨੂੰ ਹੋਰ ਸਾਰੇ ਵਾਦਾਂ ਤੋਂ ਇਨਕਾਰ ਹੈ"

"ਪਰ ਮੈਨੂੰ ਤਾਂ ਕਾਮੂ ਦੀ ਸ਼ੈਲੀ ਪਸੰਦ ਨਹੀਂ"

"ਸੱਚੀ ਪੁੱਛੋਂ ਤਾਂ ਪੱਛਮ ਵਿੱਚ ਵੀ ਸਾਹਿਤ ਦੀ ਤੋਰ ਰੁਕ ਗਈ ਹੈ, ਇੱਕ ਡੱਕਾ ਜਿਹਾ ਲੱਗ ਗਿਆ ਹੈ ।"

ਇਸ ਤਰ੍ਹਾਂ ਦੀਆਂ ਗੱਲਾਂ ਕਰੀ ਜਾਂਦੇ ਸਨ । ਸਮਝ ਨਹੀਂ ਸੀ ਆਉਂਦੀ ਪਰ ਮੈਨੂੰ ਕੀ ? ਉਹ ਗਾਹਕ ਤਾਂ ਸਨ । ਚਾਹ ਦਾ ਅੱਧਾ ਸੈੱਟ ਉਹਨਾਂ ਸਾਹਮਣੇ ਜਾ ਰਖਿਆ । ਅਜੇ ਉਹਨਾਂ ਨੇ ਪਿਆਲੀਆਂ ਨਹੀਂ ਸੀ ਭਰੀਆਂ ਕਿ ਇੱਕ ਹੋਰ ਸਜਣ ਆ ਗਿਆ, ਦਾਹੜੀ ਅੱਧ ਰਗੜੀ, ਸਿਰ ਦੇ ਲੰਮੇ ਲੰਮੇ ਥੰਦੇ ਤੇਲ ਤੋਂ ਬੇ-ਨਿਆਜ਼, ਤਿੱਖਾ ਨੱਕ, ਥੱਲੇ ਲੱਥੀਆਂ ਅੱਖੀਆਂ ਤੇ ਗੱਲ੍ਹਾਂ ਦੀਆਂ ਹੱਡੀਆਂ ਉਭਰੀਆਂ ਹੋਈਆਂ, ਖੁਲ੍ਹੇ ਗਲਮੇ ਦਾ ਕਮੀਜ਼ ਤੇ ਕੱਛ ਵਿੱਚ ਕੁਛ ਰਿਸਾਲੇ ਨੱਪੇ ਹੋਏ, ਉਸ ਦੇ ਇੱਕ ਕੁਰਸੀ ਤੇ ਬੈਠਣ ਨਾਲ ਹੀ ਪਹਿਲਿਆਂ ਵਿਚੋਂ ਇੱਕ ਨੇ ਹੁਕਮ ਕੀਤਾ—ਵੇਖਣਾ, ਇੱਕ ਖਾਲੀ ਪਿਆਲਾ ਦੇਣਾ"


1975 ਵਿੱਚ ਕੈਨੇਡਾ ਦੀ ਲੇਖਕ-ਫੇਰੀ ਵਿੱਚ ਸ਼ਾਮਲ ਹੋਣ ਵਾਲੇ ਦੋ ਲੇਖਕ:

1. ਇਕਬਾਲ ਰਾਮੂਵਾਲੀਆ
   * ਸੁਲਘਦੇ ਅਹਿਸਾਸ (ਕਵਿਤਾ)
2. ਸੁਖਿੰਦਰ
   * ਸ਼ਹਿਰ, ਧੁੰਦ ਤੇ ਰੋਸ਼ਨੀਆਂ (ਕਵਿਤਾ)
   * ਪੁਲਾੜ ਸਮਾਂ ਤੇ ਪਦਾਰਥ (ਵਿਗਿਆਨ)
   * ਕਾਸਮਿਕ ਕਿਰਣਾਂ ਅਤੇ ਵਿਸ਼ਵ (ਵਿਗਿਆਨ)
   * ਵਿਸ਼ਵ ਰਚਨਾ (ਵਿਗਿਆਨ

## ਵਿਸ਼ਵ ਦੀ ਨੁਹਾਰ

(ਅਜਮੇਰ ਸਿੰਘ ਰੋਡੇ)

ਮਹਾਨ ਵਿਗਿਆਨੀ ਅਲਬਰਟ ਆਈਨਸਟਾਈਨ ਦੇ ਆਪੇਖਿਕਤਾ-ਸਿਧਾਂਤ ( THEORY OF RELATIVITY) ਦੀ ਵਿਆਖਿਆ ਕਰਨ ਦਾ, ਪੰਜਾਬੀ-ਸਾਹਿੱਤ ਵਿੱਚ ਇਕਲੌਤਾ ਹੋਣਹਾਰ ਯਤਨ।

## ਸੂਰਜਾਂ ਦੇ ਹਮਸਫ਼ਰ

(ਸੁਰਿੰਦਰ ਧੰਜਲ)

ਜ਼ਾਲਮ-ਹਨੇਰਿਆਂ ਵਿਰੁਧ ਜੂਝਦੇ ਲਹੂ-ਲੁਹਾਣ ਹੋਏ ਮਨੁੱਖਾਂ ਦੀ ਕਾਵਿ-ਕਥਾ, ਜਿਹੜੇ ਸੂਰਜਾਂ ਦੇ ਹਮਸਫ਼ਰ ਬਣਨ ਲਈ ਆਪਣਾ ਸੰਘਰਸ਼ ਜਾਰੀ ਰੱਖਦੇ ਹਨ। ... ਰੂਪਕਾਰ: ਜਗਦੀਪ

## ਅੰਨ੍ਹੀ ਗਲੀ

(ਗੁਰਚਰਨ ਰਾਮਪੁਰੀ ਦਾ ਚੌਥਾ ਕਾਵਿ-ਸੰਗ੍ਰਹਿ)

"ਉਹ ਸਾਰੇ ਵਿਸ਼ਵ ਨੂੰ ਬਹਾਰ-ਚਮਨ ਵੇਖਣਾ ਚਾਹੁੰਦਾ ਹੈ। ਇਕ ਫੁੱਲ ਦੀ ਮੌਤ ਵੀ ਉਸਨੂੰ ਤੜਪਾ ਦੇਂਦੀ ਹੈ। ਗੁਰਚਰਨ ਦੀ ਕਵਿਤਾ ਵਿਚ ਲਚਕ ਵੀ ਹੈ ਤੇ ਪਾਰੇ ਵਰਗੀ ਚੰਚਲਤਾ ਵੀ ਸੋਹਣ ਸ਼ਬਦਾਂ ਤੇ ਅਰਥਾਂ ਦਾ ਸੁਮੇਲ ਵੀ।"

– ਸੁਰਜੀਤ ਰਾਮਪੁਰੀ

## ਮੇਰੇ ਮੌਸਮ ਦੀ ਵਾਰੀ

(ਰਵਿੰਦਰ ਰਵੀ ਦਾ ਸੱਤਵਾਂ ਕਾਵਿ-ਸੰਗ੍ਰਹਿ)

"ਉਸ ਦਾ ਯਥਾਰਥਵਾਦ ਕਾਵਿਕ ਅਤੇ ਆਤਮਵਾਦੀ ਹੈ, ਪਰ ਉਹ ਕਾਲ, ਦੇਸ਼ ਅਤੇ ਵਿੱਥ ਦੀਆਂ ਹੱਦਾਂ ਵੀ ਟੱਪ ਜਾਂਦਾ ਹੈ ਅਤੇ ਇਕ ਬ੍ਰਹਿਮੰਡੀ ਚੇਤਨਾ ਗ੍ਰਹਿਣ ਕਰ ਲੈਂਦਾ ਹੈ।"

– ਈਸ਼ਰ ਸਿੰਘ ਅਟਾਰੀ

ਕੈਨੇਡਾ ਦੇ ਲੇਖਕਾਂ ਦੀਆਂ ਛਪ ਰਹੀਆਂ ਰਚਨਾਵਾਂ

'ਲਹਿਰ ਵਧਦੀ ਗਈ' 'ਜੰਗੀ ਕੈਦੀ' ਤੇ ਸ਼ਹੀਦ ਊਧਮ ਸਿੰਘ ਤੋਂ ਬਾਅਦ ਕੇਸਰ ਸਿੰਘ ਨਾਵਲਿਸਟ ਦੀ ਚੌਥੀ ਦੇਣ:

**ਬਾਬਾ ਉਸਮਾਨ**

'ਧੁਖਦਾ' ਤੋਂ ਬਾਅਦ ਗੁਰੂਮੇਲ ਦਾ ਦੂਜਾ ਕਾਵਿ-ਸੰਗ੍ਰਹਿ:

**ਬੇਚੈਨ ਸਦੀ**

ਪ੍ਰਯੋਗਸ਼ੀਲ ਲਹਿਰ ਦੀ ਪਹਿਲੀ ਕਤਾਰ ਦੇ ਕਵੀ ਰਵਿੰਦਰ ਰਵੀ ਦੀਆਂ ਦੋ ਪੁਸਤਕਾਂ:

**ਜਲ ਭਰਮ-ਜਲ**
(ਅੱਠਵਾਂ ਕਾਵਿ-ਸੰਗ੍ਰਹਿ)

**ਘਟਦੇ ਵਧਦੇ ਫ਼ਾਸਲੇ**
(ਛੇਵਾਂ ਕਹਾਣੀ-ਸੰਗ੍ਰਹਿ)

ਦਰਸ਼ਨ ਗਿੱਲ ਦੇ ਤਿੰਨ ਕਾਵਿ-ਸੰਗ੍ਰਹਿ:

**ਰੂਪ ਅਰੂਪ** ਕਵੀ ਦਾ ਆਪਣੀ ਸੁਰਗਵਾਸੀ ਪਤਨੀ ਲਈ ਸਿਰਜਿਆ ਤਾਜ-ਮਹੱਲ
(ਰੂਪਕਾਰ: ਇਮਰੋਜ਼)

**ਜੰਗਲ ਦੀ ਅੱਗ ਅਤੇ ਪ੍ਰਤਿਬਿੰਬ**

'ਕਣਕਾਂ ਰੰਗ ਵਟਾਏ', 'ਅੰਮ੍ਰਿਤ ਬੂੰਦਾਂ' 'ਤਾਰਨ ਕਵੀਆਂ' ਤੋਂ ਪਿਛੋਂ ਦਸ਼ਮੇਸ਼ ਸਿੰਘ 'ਰਮਨ' ਦੀ ਨਵੀਂ ਕਾਵਿ-ਪੁਸਤਕ:

**ਜੀਵਨ ਕਦਰਾਂ**

ਗਿੱਲ ਮੋਰਾਂਵਾਲੀ ਦੀ ਸੱਤਵੀਂ ਕਾਵਿ-ਪੁਸਤਕ:

**ਸੁੱਕਾ ਅੰਬਰ ਪੰਜਰ ਧਰਤੀ**

ਕੈਨੇਡਾ ਦੇ ਲੇਖਕਾਂ ਦੀਆਂ ਕੁਝ ਹੋਰ ਪੁਸਤਕਾਂ:

ਸਿੰਬਲ ਦੇ ਫੁੱਲ (ਨਵਤੇਜ ਭਾਰਤੀ)
ਸੱਜਰੇ ਸੁਫ਼ਨੇ (ਗੁਰਦਿਆਲ ਸਿੰਘ ਕੰਵਲ)
ਅਸ਼ੋਕ (ਨਾਟਕ): ਤ੍ਰਿਲੋਚਨ ਸਿੰਘ ਗਿੱਲ
ਅੱਧਾ ਚੱਕਰ (ਸਫ਼ਰਨਾਮਾ): ਤ੍ਰਿਲੋਚਨ ਸਿੰਘ ਗਿੱਲ
ਬੀਮਾਰ ਸਦੀ (ਕਾਵਿ-ਨਾਟਕ): ਰਵਿੰਦਰ ਰਵੀ
ਮੈਲੀ ਪੁਸਤਕ (ਕਹਾਣੀ-ਸੰਗ੍ਰਹਿ): ਰਵਿੰਦਰ ਰਵੀ
ਕਿਰਨਾਂ ਦਾ ਆਲ੍ਹਣਾ: ਗੁਰਚਰਨ ਰਾਮਪੁਰੀ
ਗੀਤ-ਮਣੀ (ਗਿੱਲ ਮੋਰਾਂਵਾਲੀ)


ਚਾਰ ਪਿਆਲੇ ਅੱਧੇ ਅੱਧੇ ਭਰਕੇ ਉਹਨਾਂ ਅੱਗੇ ਰੱਖ ਲਏ ਤੇ ਬਹਿਸ ਫੇਰ ਛੇੜ ਲਈ । ਨਵੇਂ ਆਏ ਸੱਜਣ ਨੇ ਬੜੀ ਗੰਭੀਰਤਾ ਨਾਲ ਐਲਾਨ ਕੀਤਾ ।

"ਮੈਂ ਕਾਲੀ ਦਾਸ ਨੂੰ ਮਹਾਨ ਨਹੀਂ ਮੰਨਦਾ, ਉਹ ਨੰਗੇਜਵਾਦ ਦਾ ਪਰਚਾਰਕ ਸੀ ਤੇ ਲੋਕਾਂ ਨਾਲ ਉਹਦਾ ਕੋਈ ਵਾਸਤਾ ਨਹੀਂ ਸੀ ।"

"ਹਰ ਦੌਰ ਦੀਆਂ ਆਪਣੀਆਂ ਆਪਣੀਆਂ ਕੀਮਤਾਂ ਹੁੰਦੀਆਂ ਹਨ, ਉਹ ਅਗਾਂਵਧੂ ਕੀਮਤਾਂ ਦਾ ਪੱਖੀ ਸੀ, ਮੈਂ ਉਸ ਨੂੰ ਮਹਾਨ ਮੰਨਦਾ ਹਾਂ" ਦੂਜੇ ਨੇ ਆਪਣਾ ਪੱਖ ਪੇਸ਼ ਕੀਤਾ ।

"ਤੇਰੇ ਮੰਨਣ ਜਾਂ ਨਾ ਮੰਨਣ ਨਾਲ ਕੀ ਹੁੰਦਾ ਹੈ । ਉਸ ਨੂੰ ਦੁਨੀਆਂ ਮਹਾਨ ਮੰਨਦੀ ਹੈ ।" ਚੌਥੇ ਨੇ ਸਨਕੀਆਂ ਵਾਂਗ ਗੱਲ ਅਗਾਂ ਤੋਰ ਲਈ ।

"ਦੁਨੀਆਂ ਨੂੰ ਮਾਰ ਕਾਠ । ਕਿਸੇ ਨੇ ਠੀਕ ਆਖਿਆ ਹੈ, ਦੁਨੀਆਂ ਕੋ ਲਾਤ ਮਾਰੋ, ਦੁਨੀਆਂ ਤੁਮਾਰੀ ਹੈ" ਹਾਂ ! ਬੇਸ਼ਕ ! ਬੇਸ਼ਕ, ਹੋ ਜਾਏ ਇੱਕ ਅੱਧੀ ਚੀਜ਼ ਨਵੀਆਂ ਚੋਂ । ਇਕ ਨੇ ਫੁਰਮਾਇਸ਼ ਕਰ ਦਿੱਤੀ ਤੇ ਬਾਕੀ ਖੁਲੇ ਗਲਮੇ ਦੇ ਕਮੀਜ਼ ਵਾਲੇ ਨੂੰ ਜ਼ੋਰ ਦੇਣ ਲੱਗ ਪਏ ।

ਬਾਹਰੋਂ ਹੋਰ ਗਾਹਕ ਇਹਨਾਂ ਦੀ ਢਾਣੀ ਨੂੰ ਵੇਖਣ, ਤੇ ਗਾਹਕਾਂ ਨਾਲ ਥਾਂ ਭਰਿਆ ਸਮਝ ਕੇ ਮੁੜ ਜਾਣ । ਮੈਂ ਕੁਛ ਕਹਿ ਵੀ ਨਾ ਸਕਾਂ ਕਿਉਂਕਿ ਜੇ ਗਾਹਕ ਇੱਕ ਵਾਰ ਉਟਕ ਜਾਏ, ਮੁੜ ਨਹੀਂ ਪੈਰ ਪਾਉਂਦਾ। ਦੋ ਤਿੰਨ ਗਾਹਕਾਂ ਨੂੰ ਬਾਹਰ ਬੈਂਚ ਉਪਰ ਬਠਾ ਕੇ ਤਰਲੇ ਮਿਨਤਾਂ ਨਾਲ ਚਾਹ ਪਿਆਈ ।

ਉਸ ਪਿਛੋਂ ਅੰਦਰਲੇ ਗਾਹਕਾਂ ਨਾਲ ਦਾ ਇੱਕ ਹੋਰ ਬੁੱਧੀ-ਜੀਵੀ ਲੰਘ ਆਇਆ । ਉਹਨੇ ਬੈਠਦਿਆਂ ਹੀ ਕਹਾਣੀ ਛੇੜ ਲਈ ।

"ਉਹ ਡਾਕਟਰ ਹੈ ਨਾ ਆਪਣੇ ਨਾਲ ਦਾ । ਮਰੀਜ਼ ਆਇਆ । ਉਸ ਦੀ ਬਾਂਹ ਵਿੱਚ ਸੂਆ ਲਾਉਣਾ ਸੀ, ਸੂਈ ਟਿਕਾਣੇ ਰੱਖੀ ਸੀ ਕਿ ਇੱਕ ਮਿੱਤਰ ਆ ਗਿਆ, ਉਸ ਵੱਲ ਮੂੰਹ ਭਵਾਂਕੇ ਅਧੂਰੀ ਬਹਿਸ ਨੂੰ ਪੂਰੀ ਕਰਨ ਲਈ, ਉਹਨੂੰ ਆਖਣਾ ਸ਼ੁਰੂ ਕੀਤਾ ਕਿ ਨੀਮ ਕਮਾਊ ਰੁਚੀਆਂ ਹੀ ਫਾਸਿਜ਼ਮ ਨੂੰ ਜਨਮ ਦਿੰਦੀਆਂ ਹਨ ਤੇ ਬੇਧਿਆਨੇ ਨੇ ਸੂਆ ਕਿਧਰੇ ਗਲਤ ਨਾੜ ਵਿੱਚ ਖੋਭ ਦਿੱਤਾ ਮਰੀਜ਼ ਦਾ ਘੋਰੜੂ ਵੱਜ ਗਿਆ । ਲੱਕੜਾਂ ਬਾਲਣ ਉਸ ਨੂੰ ਆਪਣੇ ਕੋਲੋਂ ਦੇਣੇ ਪਏ । ਹੁਣ ਉਹ ਹਰ ਮਰੀਜ਼ ਦੇ ਵਾਰਿਸਾਂ ਨਾਲ ਲੱਕੜਾਂ ਆਦਿ ਦੀ ਗੱਲ ਪਹਿਲਾਂ ਖੋਲ੍ਹ ਲੈਂਦਾ ਹੈ । ਇਸ ਤੇ ਸਾਰੇ ਹੱਸਣ ਲੱਗ ਪਏ ਤੇ ਮੈਨੂੰ ਹੁਕਮ ਕਰ ਦਿੱਤਾ ਕਿ ਚਾਹ ਦਾ ਹਰ ਫੇਰਾ ਪਾਣੀ ਦਿਓ ।

ਇੱਕ ਲੰਮਾ, ਝੰਮਾ ਆਦਮੀ ਚਿੱਟੇ ਕਪੜਿਆਂ ਵਿੱਚ ਆ ਗਿਆ । ਨਜ਼ਰਾਂ ਤਾੜ ਗਈਆਂ ਕਿ ਕੌਣ ਹੈ ।" ਕਿਉਂ ਭਾਈ, ਅਜ ਚਾਹ ਵਿੱਚ ਡੋਡੇ ਕਿਨੇ ਕੁ ਪਾਏ ਹਨ ?

"ਨਹੀਂ ਜੀ ਅਸੀਂ ਡੋਡੇ ਨਹੀਂ ਪਾਉਂਦੇ"

"ਸਾਨੂੰ ਤਾਂ ਮੀਲ ਤੋਂ ਸੂਹ ਲੱਗ ਜਾਂਦੀ ਏ, ਚੌਧਰੀ, ਜੇ ਚਾਹ ਵਿੱਚ ਡੋਡੇ ਨਾਂ ਪਾਏ ਤਾਂ ਹਾਅ, ਅੰਦਰਲੀ ਵੇਹਲੜਾਂ ਦੀ ਧਾੜ ਏਥੇ ਕਦੇ ਨਾ ਆਏ ?" "ਮਹਾਰਾਜ, ਤੁਸੀਂ ਆਪ ਪੀ ਕੇ ਵੇਖ ਲਓ"

"ਲਿਆਓ ਫੇਰ ਦੋ ਪਿਆਲੇ, ਚੰਗਾ ਦੁੱਧ ਸੁੱਟ ਕੇ ਜ਼ਰਾ ਗਾਹੜੇ ਗੜ੍ਹਾਨ ਹੋਵੇ'

ਦੋ ਪਿਆਲੀਆਂ ਬਣਾ ਕੇ ਚਾਹਦਾਨੀ ਉਹਦੇ ਸਾਹਮਣੇ ਰੱਖੀ ਉਹ ਪੀ ਕੇ ਇਹ ਨਸੀਹਤ ਫੁਰਮਾਕੇ ਚਲੇ ਗਏ, ਕਿ "ਚਾਹ ਤਾਂ ਚੰਗੀ ਸੀ, ਪਰ ਜੇ ਦੁਕਾਨਦਾਰੀ ਕਰਨੀ ਹੈ ਤਾਂ ਆਦਮੀ ਕੁਆਦਮੀ ਵੇਖ ਲਿਆ ਕਰੋ ।

ਅਜੇ ਉਹ ਪੰਜ ਕਦਮ ਨਹੀਂ ਗਿਆ ਹੋਣਾ ਕਿ ਇੱਕ ਹੋਰ ਉਸੇ ਤਰ੍ਹਾਂ ਦਾ ਮਿੱਤਰ ਆ ਗਿਆ, "ਇਹ ਚੁਲੇ ਅਗਾਂ ਕਿਉਂ ਬਣਾਏ ਜੇ ? ਇਹਨਾਂ ਨੂੰ ਪਿਛਾਂਹ ਕਰੋ, ਬੈਂਚ ਸੜਕ ਉਪਰ ਰੱਖ ਛਡਿਆ ਜੇ । ਕੋਈ ਮੋਟਰ ਹੇਠ ਆ ਜਾਏ ਤਾਂ ?" ਉਸ ਨੂੰ ਵੀ ਆਦਮੀ ਕੁਆਦਮੀ ਸਮਝ ਕੇ ਦੋ ਪਿਆਲੀਆਂ ਚਾਹ ਦੀ ਭੇਟ ਕੀਤੀਆਂ ਤੇ ਬਲਾ ਟਾਲੀ ।

ਅੰਦਰੋਂ ਬੁੱਧੀ ਜੀਵੀਆਂ ਵਿਚੋਂ ਇੱਕ ਨੇ ਤਸੱਲੀ ਦਿੱਤੀ । ਦੋਸਤਾ ਇਹ ਤਲਖ ਹਕੀਕਤਾਂ ਨੇ ਜ਼ਿੰਦਗੀ ਦੀਆਂ । ਜੀਣ ਲਈ ਬੜਾ ਕਛ ਕਰਨਾ ਪੈਂਦਾ ਹੈ । ਹੱਛਾ, ਮਿੱਤਰਾ

 ਪੰਜ ਰੁਪੈ ਹੋਣਗੇ, ਕੱਲ, ਸਿਗਰਟਾਂ ਤੇ ਕੁਛ ਖਾਣ ਨੂੰ ਮੰਗਵਾ ਲਈਏ।

ਮੈਂ ਇਹ ਸਾਖ ਬਿਠਾਉਣ ਲਈ ਕਿ ਦੁਕਾਨ ਚੱਲਦੀ ਹੈ, ਜੇਬ ਵਿਚੋਂ ਪੰਜਾਂ ਦਾ ਆਖਰੀ ਨੋਟ ਵੀ ਉਹਨਾ ਦੇ ਹਵਾਲੇ ਕਰ ਦਿੱਤਾ।

ਸ਼ਾਮ ਨੂੰ ਹਿਸਾਬ ਕੀਤਾ ਤਾਂ ਦਸ ਰੁਪੈ ਘਟਦੇ ਸਨ। ਰਾਤ ਜਿਵੇਂ ਕੰਡਿਆਂ ਉਪਰ ਲੇਟਦਾ ਰਿਹਾ।

ਅਗਲੀ ਭਲਕ ਨੂੰ ਅਜੇ ਭੱਠੀ ਭਖਾਉਣ ਹੀ ਲੱਗਾ ਸਾਂ ਕਿ ਇੱਕ ਆਦਮੀ ਦੋ ਸਰਕਾਰੀ ਪਿਆਦੇ ਲੈ ਕੇ ਆ ਧਮਕਿਆ।

"ਦੁਕਾਨ ਖਾਲੀ ਕਰੋ, ਮੈਂ ਕਿਧਰੇ ਮਰ ਤਾਂ ਨਹੀਂ ਸੀ ਗਿਆ।" ਉਹ ਦੁਕਾਨ ਦਾ ਅਸਲ ਆਲਾਟੀ ਸੀ। ਇੱਕ ਪਿਆਲੀ ਤਕ ਨ ਉਸ ਨੇ ਚੁੱਕਣ ਦਿੱਤੀ। ਜਦੋਂ ਮੈਂ ਬਾਹਰ ਨਿਕਲਆ ਤਾਂ ਕਿਸੇ ਦੋਖੀ ਨੇ ਇਹ ਕਿਹਾ

"ਚਾਰੇ ਕੰਨੀਆਂ ਮੋਰੀਆਂ ਵੇਖ ਖਾਲੀ,
ਅਸੀਂ ਨਾਲ ਨਹੀਓ ਕੁਛ ਲੈ ਚਲੇ ਵੇ"

ਦੋਹਾਂ ਦਿਨਾਂ ਦੀ ਦੁਕਾਨਦਾਰੀ ਕੁਲ ਮਿਲਾਕੇ ਪੰਜ ਸੌ ਰੁਪੈ ਵਿੱਚ ਪਈ ਸੀ। ਮੇਰਾ ਤਾਂ ਲੱਕ ਟੁੱਟ ਗਿਆ। ਅਗਲੇ ਦਿਨ ਹੀ ਫੇਰ ਨੌਕਰੀ ਲਈ ਅਰਜ਼ੀ ਦਾਗ ਦਿੱਤੀ।

ਇੱਕ ਹੋਰ ਸੰਗੀਨ ਗਲਤੀ ਜੋ ਮੈਥੋਂ ਹੋਈ ਉਹ ਸੀ ਮਕਾਨ ਕਰਾਏ ਉਪਰ ਲੈਣਾ। ਅਨੇਕਾਂ ਸਫਾਰਸ਼ਾਂ ਤੇ ਨੇਕ ਚਲਣੀ ਦੀਆਂ ਜ਼ਮਾਨਤਾਂ ਮਗਰੋਂ ਇੱਕ ਕਮਰਾ ਤੇ ਇੱਕ ਰਸੋਈ ਕਿਰਾਏ ਤੇ ਮਿਲ ਗਏ। ਇਹ ਸੁਣਕੇ ਕਿ ਮੈਂ ਕਵੀ ਹਾਂ, ਮਾਲਕ ਮਕਾਨ ਨੇ ਕਿਰਾਇਆ ਪੰਜਾਂ ਮਹੀਨਿਆਂ ਦਾ ਪੇਸ਼ਗੀ ਲਿਆ। ਕਮਰਾ ਮੇਜ਼ ਦੀ ਦਰਾਜ਼ ਵਰਗਾ ਸੀ ਜਿਸ ਵਿੱਚ ਮੰਜੀ ਫਸਕੇ ਆਉਂਦੀ ਤੇ ਬਾਹਰ ਹੀ ਜੁੱਤੀ ਉਤਾਰਕੇ ਉਸ ਤੇ ਬੈਠਣਾ ਪੈਂਦਾ। ਰਸੋਈ ਲੂੰਕ ਦੇ ਭਰਮ ਵਾਂਗ ਕਾਲੀ ਤੇ ਕੰਜੂਸ ਦੇ ਦਿਲ ਵਰਗੀ ਸੌੜੀ, ਜੇ ਪਰਾਤ ਅੰਦਰ ਰੱਖਦੇ ਤਾਂ ਆਪ ਬਾਹਰ ਬੈਠਣਾ ਪੈਂਦਾ। ਨਲਕਾ ਏਨਾ ਦਰਿਆ ਦਿਲ ਕਿ ਇੱਕ ਬਾਲਟੀ ਪਾਣੀ ਦੀ ਲੈਣ ਵਾਸਤੇ ਪੰਜ ਬਾਲਟੀਆਂ ਬਾਹਰੋਂ ਲਿਆਕੇ ਉਸ ਦੀ ਬੱਕੀ ਵਿੱਚ ਸੁੱਟਣੀਆਂ ਪੈਂਦੀਆਂ। ਫੇਰ ਵੀ ਮਾਲਕ ਮਕਾਨ ਗੱਜਦਾ ਰਹਿੰਦਾ, "ਤੁਸੀਂ ਨਲਕਾ ਖਰਾਬ ਕਰ ਦਿੱਤਾ, ਰਸੋਈ ਕਾਲੀ ਕਰ ਛੱਡੀ, ਕਮਰੇ ਸਾਫ ਨਹੀਂ ਕੀਤੇ" ਮਕਾਨ ਵਿੱਚ ਖਪਤ ਹੋਣ ਵਾਲੀ ਬਿਜਲੀ ਦਾ ਸਾਰਾ ਕਿਰਾਇਆ, ਉਹ ਮੈਥੋਂ ਵਸੂਲਦਾ। ਡਿਉੜੀ ਦਾ ਲਾਂਘਾ, ਉਸ ਨੇ ਪੱਤਲ ਡੂਨੇ ਬਣਾਉਣ ਵਾਲੀਆਂ ਇਸਤਰੀਆਂ ਨੂੰ ਨੌ ਵਜੇ ਤੋਂ ਚਾਰ ਵਜੇ ਤਕ ਕਿਰਾਏ ਤੇ ਦਿੱਤਾ ਹੋਇਆ ਸੀ ਤੇ ਉਸ ਪਿਛੋਂ ਤਿੱਖੇ ਸਿੰਙਾਂ ਵਾਲੀ ਮਾਰਨ ਖੁੰਢੀ ਗਊ ਬੰਨ੍ਹ ਕੇ ਮੇਰੇ ਲਈ ਕਰਫੀਓ ਲਾ ਛੱਡਦਾ। ਫੇਰ ਗੱਲੇ ਕੱਥੇ ਉਪਦੇਸ਼ ਝਾੜਦਾ ਰਹਿੰਦਾ, "ਕਿਰਾਇਆ ਨੱਪਣ ਵਾਲਾ ਨਰਕਾਂ ਵਿੱਚ ਸਾੜਿਆ ਜਾਏਗਾ।" ਜਿਸ ਨੂੰ ਸੁਣਕੇ ਮੇਰੇ ਲੂੰਈ ਕੰਡੇ ਖੜੇ ਹੋ ਜਾਂਦੇ।

"ਰਿਹਾਇਸ਼ ਕਾਹਦੀ ਸੀ, ਕੁੰਭੀ ਨਰਕ ਸੀ। ਇੱਕ ਦਿਨ ਮੈਂ ਆਪਣੇ ਕਮਰੇ ਦੇ ਬਾਹਰ ਦੁਆਖੀ ਵਿੱਚ ਕੁਛ ਅਖਬਾਰਾਂ ਰੱਖ ਕੇ ਭੁਲ ਗਿਆ। ਸ਼ਾਮ ਨੂੰ ਮੁੜਿਆ ਤਾਂ ਹੁਕਮਨਾਮਾ ਅੱਗੇ ਪਿਆ ਸੀ "ਕੱਲ ਸਵੇਰ ਤਕ ਮਕਾਨ ਖ਼ਾਲੀ ਕਰ ਦਿਓ," ਮੈਂ ਕਾਰਨ ਪੁੱਛਿਆ ਤਾਂ ਮਾਲਕ ਨੇ ਸਿਰ ਦੇ ਗੰਜ ਤੇ ਹੱਥ ਫੇਰਦਿਆਂ ਅਤੇ ਬੀਮਾਰ ਕੁਕੜੀ ਵਾਂਗ ਅੱਖੀਆਂ ਮੀਟਦਿਆਂ ਉਘਾੜਦਿਆਂ ਕਿਹਾ—"ਸ੍ਰੀ ਮਾਨ ਜੀ ਇਹ ਆਲਾ ਵੀ ਦੋ ਆਂਡੇ ਹਫਤੇ ਦੇ ਕਿਰਾਏ ਤੇ ਚੜ੍ਹਿਆ ਹੋਇਆ ਹੈ, ਇਥੇ ਗਵਾਂਢੀਆਂ ਦੀ ਕੁਕੜੀ ਬੈਠ ਕੇ ਆਂਡੇ ਦਿੰਦੀ ਹੈ। ਜੇ ਤੁਹਾਨੂੰ ਅੱਜ ਨਾ ਰੋਕਾਂ ਤੁਸੀਂ ਤਾਂ ਸਹਿਜੇ ਸਹਿਜੇ ਸਾਰਾ ਮਕਾਨ ਨੱਪ ਲਓਗੇ। ਅਸੀਂ ਤਾਂ ਖਤ ਕਾ ਮਜ਼ਮੂੰ ਭਾਂਪ ਲੇਤੇ ਹੈਂ ਲਿਫਾਫਾ ਦੇਖ ਕਰ। ਬੰਦੇ ਦੀ ਨੀਤ ਤਾੜ ਜਾਂਦੇ ਹਾਂ।"

ਜਦੋਂ ਅਗਲੇ ਦਿਨ ਅਸੀਂ ਆਪਣੀ ਟਿੰਡ ਫੁਹੜੀ ਲੈ ਕੇ ਮਕਾਨ ਚੋਂ ਕਿਸੇ ਟਿਕਾਣੇ ਦੀ ਭਾਲ ਵਿੱਚ ਨਿਕਲੇ ਤਾਂ ਸਾਨੂੰ ਇਹ ਸ਼ੇਅਰ ਯਾਦ ਆਇਆ।

"ਦਯਾ ਸਿੰਘ" ਫਿਰ ਨਿਕਲੇ ਧਾਹ ਲੰਮੀ,
ਬੰਦਾ ਛੱਡ ਕੇ ਜਦੋਂ ਮਕਾਨ ਤੁਰਿਆ।"

( ਸਫ਼ਾ 6 ਤੋਂ ਅੱਗੇ )

ਦੇਬੂ ਅਮਲੀ ਤੇ ਦੋ-ਤਿੰਨ ਹੋਰ ਉਸੇ ਵਰਗੇ, ਮਸਾਂ ਹੀ ਅਰਥੀ ਦੇ ਪਿਛੇ ਪਿਛੇ ਚਲ ਰਹੇ ਸਨ।

'ਰਾਮ ਰਾਮ ਸਤਿ ਹੈ' ਕਰਦਿਆਂ ਉਨ੍ਹਾਂ ਨੇ ਫੇਰ ਸਿਵਿਆਂ ਦੇ ਬਾਹਰਲੇ ਫਾਟਕ ਨੂੰ ਪਾਰ ਕੀਤਾ। ਸਿਵਿਆਂ ਅੰਦਰ ਇਕ ਥੜ੍ਹੇ ਉਤੇ ਕੋਈ ਲਾਸ਼ ਜਲ ਰਹੀ ਸੀ। ਲਾਸ਼ ਦੇ ਸਿਰ ਵਲ ਖੜਾ ਇਕ ਕਾਫ਼ੀ ਉਮਰ ਦਾ ਪਤਲਾ ਜਿਹਾ ਆਦਮੀ — ਜਿਸ ਦੀ ਸਜੀ ਬਾਂਹ ਉਤੇ ਲਾਲ ਰੰਗ ਦੀ ਇਕ ਚੌੜੀ ਪੱਟੀ ਲਿਪਟੀ ਹੋਈ ਸੀ, ਤੇ ਜਿਸ ਉਤੇ 'ਸੇਵਾ-ਸੰਮਤੀ' ਲਿਖਿਆ ਸਾਫ਼ ਪੜ੍ਹਿਆ ਜਾਂਦਾ ਸੀ — ਅੱਧ ਜਲ ਚੁਕੀ ਲਾਸ਼ ਦੀ ਖੋਪੜੀ ਉਤੇ, ਬਾਂਸ ਨੂੰ ਜ਼ੋਰ ਜ਼ੋਰ ਦੀ ਮਾਰ ਰਿਹਾ ਸੀ। ਇੰਜ ਕਰਦਿਆਂ, ਉਸ ਦੇ ਛੇਤੀ ਛੇਤੀ ਬੁੱਲ੍ਹ ਹਿਲ ਰਹੇ ਸਨ, ਜਿਵੇਂ, ਉਹ ਕੋਈ ਮੰਤਰ ਪੜ੍ਹ ਰਿਹਾ ਹੋਵੇ।

ਫੇਰ ਉਸ ਨੇ ਬਾਂਸ ਨੂੰ ਜਲ ਰਹੀ ਲਾਸ਼ ਦੇ ਉਪਰੋਂ ਪੂਰੇ ਜ਼ੋਰ ਨਾਲ ਵਗਾਹ ਮਾਰਿਆ। ਤੇ ਜ਼ਮੀਨ ਤੋਂ ਇਕ ਨਿੱਕਾ ਜਿਹਾ ਲੱਕੜ ਦਾ ਡੱਕਾ ਚੁਕਿਆ, ਤੇ ਉਸ ਨੂੰ ਆਪਣੇ ਸਿਰ ਉਤੋਂ ਦੀ ਲਬਕੇ; ਜਲ ਰਹੀ ਲਾਸ਼ ਵਲ ਹੀ ਸੁਟ ਦਿਤਾ। ਉਸ ਦੇ ਬੁੱਲ੍ਹ ਫੇਰ ਹਰਕੇ। ਬੜੀ ਛੇਤੀ।

"ਜੀ, ਲੈ ਆਏ ਆਂ ਅਸੀਂ ਆਪਣੀ ਲਾਸ਼।" ਪਾਧਰ ਨੇ ਸੇਵਾ-ਸੰਮਤੀ ਵਾਲੇ ਦੇ ਨੇੜੇ ਜਾ ਕੇ ਮਰੀ ਹੋਈ ਜਿਹੀ ਕਿਹਾ।

ਉਸ ਆਦਮੀ ਨੇ ਆਪਣਾ ਛੋਟਾ ਜਿਹਾ ਮੂੰਹ ਪਾਧਰ ਵਲ ਘੁਮਾਇਆ, ਤੇ ਐਨਕ ਦੇ ਮੋਟੇ ਸ਼ੀਸ਼ਿਆਂ ਵਿਚੋਂ ਪਾਧਰ ਨੂੰ ਘੂਰ ਕੇ ਵੇਖਿਆ। ਤੇ ਆਪਣੇ ਨਿੱਕੇ ਦੰਦ ਬਾਹਰ ਕਢ ਕੇ ਚਿੱਲਾਇਆ, "ਕਿਸ ਦੀ ਲਾਸ਼ ?"

ਉਹ ਏਨਾਂ ਰੁੱਖਾ ਬੋਲਿਆ ਕਿ ਪਾਧਰ ਤੋਂ ਕਾਫ਼ੀ ਚਿਰ ਕੁਝ ਵੀ ਨਾ ਕਿਹਾ ਗਿਆ। ਤੇ ਉਹ ਇਕ ਡਰੇ ਹੋਏ ਬੱਚੇ ਵਾਂਗ, ਨੀਵੀਂ ਪਾ ਕੇ ਖੜੋ ਗਿਆ। ਚੁੱਪ ਚਾਪ।

"ਕਿਸ ਦੀ ਲਾਸ਼ ਹੈ ਇਹ ?" ਉਹ ਆਦਮੀ ਫੇਰ ਚਿੱਲਾਇਆ।

"ਜੀ, ਮੇਰੇ ਨੌਕਰ ਦੀ। ਇਹਦਾ ਕੋਈ ਵਾਲੀ ਵਾਰਸ ਨਹੀਂ। ਬੜਾ ਪਿਆਰਾ ਨੌਕਰ ਸੀ।"

ਤੇ ਫੇਰ ਸੇਵਾ-ਸੰਮਤੀ ਵਾਲੇ ਨੇ, ਆਪਣੇ ਖੀਸੇ ਵਿਚੋਂ ਇਕ ਬੜੀ ਪੁਰਾਣੀ ਡਾਇਰੀ ਕੱਢੀ, ਤੇ ਛੇਤੀ ਛੇਤੀ ਉਸ ਦੇ ਵਰਕੇ ਪਰਤਨ ਲੱਗਾ। ਥੋੜ੍ਹੇ ਚਿਰ ਬਾਅਦ ਉਸ ਦੀ ਨੇ ਆਪਣਾ ਪੂਰਾ ਮੂੰਹ ਖੋਹਲਿਆ, "ਅਮਰ ਸਿੰਘ !"

"ਹਾਂ ਜੀ !" ਅਮਰ ਦੀ ਅਰਥੀ ਚੁੱਕ ਕੇ ਲਿਆਉਣ ਵਾਲੇ ਸਾਰੇ ਇਕੱਠੇ ਬੋਲੇ।

ਹੁਣ ਉਸ ਆਦਮੀ ਨੇ ਆਪਣੀ ਬਾਂਹ ਤੋਂ ਗੀਠਿਆਂ ਦੀ ਮਾਲਾ ਉਤਾਰੀ, ਤੇ ਇਕ ਇਕ ਗੀਠੇ ਉਤੇ ਉਂਗਲਾਂ ਫੇਰਦਾ ਬੋਲਿਆ, "ਪਿਛਲੇ ਮੰਗਲਵਾਰ ਮੀਂਹ ਪੈਣ ਕਰ ਕੇ, ਕਿਸੇ ਵੀ ਟਾਲ ਤੋਂ ਸੁੱਕੀਆਂ ਲੱਕੜਾਂ ਨਹੀਂ ਮਿਲ ਰਹੀਆਂ। ਇਸ ਤੋਂ ਪਹਿਲੀ 'ਲਾਸ਼ ਅਸੀਂ ਮਸਾਂ ਹੀ ਫੂਕੀ ਹੈ। ਤੁਹਾਨੂੰ ਹਾਲੇ ਇੰਤਜ਼ਾਰ ਕਰਨਾ ਪਏਗਾ। ਤੁਹਾਡੀ ਲਾਸ਼ ਫੂਕਣ ਤੋਂ ਪਹਿਲਾਂ ਅਸੀਂ ਉਸ ਕੁਲੀ ਲਾਸ਼ ਫੂਕਣੀ ਹੈ।" ਸੇਵਾ-ਸੰਮਤੀ ਵਾਲੇ ਆਦਮੀ ਨੇ ਇਕ ਖੂੰਝੇ ਵੱਲ ਇਸ਼ਾਰਾ ਕਰਦਿਆਂ ਕਿਹਾ।

ਥੋੜ੍ਹਾ ਜਿਹਾ ਰੁਕ ਕੇ ਉਹ ਆਦਮੀ ਫੇਰ ਬੋਲਿਆ, "ਇਹ ਵੀ ਰਾਤ ਠੰਢ ਨਾਲ ਮਰ ਗਿਐ।"

( ਬਾਕੀ ਸਫ਼ਾ 8 )

# GILL INSURANCE SERVICES CO. LTD.

B – 3905 KNIGHT ST.
( AT KINGSWAY )
VANCOUVER, B.C.

1976 Autoplan
INSURANCE AND LICENCE

AUTO – FIRE – LIFE

OFFICE : 879-5522
RES. : 434-7757

( ਸੁਰਜੀਤ ਗਿੱਲ )

ਗਿੱਲ ਇਨਸ਼ੋਅਰੈਂਸ ਸਰਵਿਸਜ਼ ਕੰਪਨੀ ਲਿਮਿਟਡ

# ਬੀਂਗ ਬੀਂਗ ਫਿਟਿੰਗ

ਕ੍ਰਿਸ਼ਨ ਚੰਦਰ
(ਪੰਜਾਬੀਕਰਣ: ਐੱਸ ਪ੍ਰੇਮੀ)

'ਦਸ ਸਾਲ ਤੋਂ ਇਕ ਕਹਾਣੀ ਵੇਚਣ ਦੀ ਕੋਸ਼ਸ਼ ਕਰ ਰਿਹਾ ਹਾਂ। ਕਿਸੇ ਤਰਾਂ ਵਿਕਦੀ ਹੀ ਨਹੀਂ।' ਮੈਂ ਦਿਲਾਵਰ ਨੂੰ ਆਖਿਆ।

ਦਿਲਾਵਰ ਤੇ ਮੈਂ ਸ੍ਰੀ ਸਾਊਂਡ ਸਟੂਡੀਉ ਦੀ ਕੈਨਟੀਨ ਵਿਚ ਬੈਠੇ ਦੋ ਦਿਨ ਦਾ ਪੁਰਾਣਾ ਭੁੰਨਿਆ ਹੋਇਆ ਗੋਸ਼ਤ, ਇਕ ਹਫਤੇ ਦੀ ਬਾਸੀ ਡਬਲ ਰੋਟੀ ਨਾਲ ਖਾ ਰਹੇ ਸਾਂ। ਚਟਣੀ ਅਲਬੱਤਾ ਤਾਜ਼ੀ ਸੀ ਅਤੇ ਪਿਆਜ਼ ਦੇ ਲੱਛੇ ਵੀ ਅਤੇ ਅਸੀਂ ਹਰ ਗਰਾਹੀ 'ਚ ਇੰਨੀ ਚਟਣੀ ਤੇ ਪਿਆਜ਼ ਭਰ ਲੈਂਦੇ ਸਾਂ ਜਿਸ ਨਾਲ ਬੇਸੁਆਦੀ ਬਾਸੀ ਗੋਸ਼ਤ ਦਾ ਸੁਆਦ ਲੁਕ ਜਾਂਦਾ ਹੈ ਤੇ ਚਟਣੀ ਪਿਆਜ਼ ਦਾ ਕਰਾਰਾਪਨ ਉਭਰ ਆਉਂਦਾ ਹੈ—ਬਿਲਕੁਲ ਉਸੇ ਬੋਰ ਫਿਲਮ ਵਾਂਗ ਜਿਸ ਵਿਚ ਇਕ ਅਧ ਦਿਲਚਸਪ ਸੀਨ ਕਦੇ ੨ ਚਮਕ ਜਾਂਦਾ ਹੈ।

'ਕਹਾਣੀ ਕੀ ਏ ?' ਦਿਲਾਵਰ ਨੇ ਸਖ਼ਤ-ਜਾਨ ਡਬਲ ਰੋਟੀ ਨੂੰ ਦੰਦਾਂ ਨਾਲ ਤੋੜਨ ਦੀ ਕੋਸ਼ਸ਼ ਕਰਦੇ ਹੋਏ ਕਿਹਾ।

ਦਿਲਾਵਰ ਦੇ ਦੰਦ ਤੇ ਜਬੜੇ ਬੜੇ ਮਜ਼ਬੂਤ ਤੇ ਘੋੜੇ ਨਾਲ ਮਿਲਦੇ ਜੁਲਦੇ ਸਨ। ਉਹਦੀ ਆਵਾਜ਼ ਵੀ ਬੜੀ ਭਾਰੀ ਤੇ ਪਾਟਦਾਰ ਸੀ। ਦਿਲਾਵਰ ਦਾਂ ਖ਼ਿਆਲ ਸੀ ਕਿ ਉਹ ਡਬਲ ਰੋਟੀ ਅਪਣੇ ਦੰਦਾਂ ਨਾਲ ਤੋੜਦਾ ਹੈ। ਮੇਰਾ ਗੁਮਾਨ ਸੀ ਕਿ ਰੋਟੀ ਅਪਣੇ ਆਪ ਉਹਦੀ ਭਾਰੀ ਭਰਕਮ ਆਵਾਜ਼ ਸੁਣਕੇ ਸਹਿਮ ਜਾਂਦੀ ਹੈ ਤੇ ਟੁਕੜੇ ੨ ਹੋ ਜਾਂਦੀ ਹੈ ਭਾਵੇਂ ਕਿ ਮੈਨੂੰ ਏਸੇ ਰੋਟੀ ਨੂੰ ਨਰਮ ਕਰਨ ਲਈ ਪਾਣੀ ਦੀ ਵਰਤੋਂ ਕਰਨੀ ਪੈਂਦੀ ਹੈ।

ਮੈਂ ਪਿਛਲੇ ਦਸ ਸਾਲ ਤੋਂ ਫਿਲਮ 'ਚ ਸੀ ਤੇ ਹਾਲੇ ਤੀਕ ਇਕ ਕਹਾਣੀ ਨਹੀਂ ਸੀ ਵੇਚ ਸਕਿਆ। ਕਿਧਰੇ ੨ ਸਕਰੀਨ-ਪਲੇ ਤੇ ਸੰਵਾਦ ਲਿਖਣ ਨੂੰ ਮਿਲ ਜਾਂਦੇ ਸਨ। ਇਸ ਤੋਂ ਹੀ ਗੁਜ਼ਾਰਾ ਸੀ। ਇਸਦੇ ਉਲਟ ਦਿਲਾ-ਵਰ ਨੂੰ ਫਿਲਮਾਂ 'ਚ ਆਏ ਹੋਏ ਸਿਰਫ ਦੋ ਸਾਲ ਹੋਏ ਸਨ। ਇਨ੍ਹਾਂ ਦੋ ਸਾਲਾਂ 'ਚ ਉਹ ਛੇ ਕਹਾਣੀਆਂ ਵੇਚ ਚੁਕਿਆ ਸੀ—ਘਟ ਕੀਮਤ ਤੇ, ਪਰ ਛੇ ਕਹਾਣੀਆਂ ਤਾਂ ਵੇਚੀਆਂ ਸਨ ਉਹਨੇ। ਹੁਣ ਉਹ ਜੁਹੂ ਤੇ ਇਕ ਛੋਟੇ ਜੇਹੇ ਕਾਟੇਜ 'ਚ ਰਹਿੰਦਾ ਸੀ ਤੇ ਮੇਰੇ ਕੋਲ ਕਿਉਂਕਿ ਕੋਈ ਥਾਂ ਨਹੀਂ ਸੀ, ਇਸ ਲਈ ਮੈਂ ਵੀ ਉਹਦੇ ਨਾਲ ਰਹਿਣ ਲਗਾ ਸਾਂ। ਇਸ ਤੋਂ ਇਲਾਵਾ ਦਿਲਾਵਰ ਨੇ ਸਤ ਸੌ ਰੁਪਏ ਦੇਕੇ ਇਕ ਪੁਰਾਣੀ ਖਟਾਰਾ ਸੇਡਾਨ ਕਾਰ ਖ਼ਰੀਦ ਲਈ ਸੀ ਤੇ ਉਸ ਤੇ ਨਵਾਂ ਰੋਗਨ ਕਰਕੇ ਤੇ ਕੁਝ ਕਲ ਪੁਰਜ਼ੇ ਬਦਲਕੇ ਉਹਨੂੰ ਇਸ ਕਾਬਲ ਕਰ ਲਿਆ ਸੀ ਕਿ ਅਸੀਂ ਦੋਵੇਂ ਉਸ 'ਚ ਬਹਿਕੇ ਫਿਲਮ-ਸਟੂਡੀਉ ਦੇ ਚੱਕਰ ਲਾਸਕੀਏ। ਦਿਲਾਵਰ ਨੇ ਅਪਣੀ ਕਾਟੇਜ ਦੇ ਬਾਹਰ ਇਕ ਛੋਟੀ ਜੇਹੀ ਤਖ਼ਤੀ ਲਾ ਦਿਤੀ ਸੀ। ਉਸ ਤੇ ਲਿਖਿਆ ਸੀ—'ਦੋਜ਼ਖ਼'।

ਦਿਲਾਵਰ ਬਹੁਤ ਦਿਲਚਸਪ ਆਦਮੀ ਸੀ। ਫੁਰਤੀਲਾ, ਸ਼ਰਾਰਤੀ, ਕਸਰਤੀ ਤੇ ਦੂਬੰਗ। ਮੈਂ ਬਿਲਕੁਲ ਉਹਦੇ ਉਲਟ ਸਾਂ—ਖ਼ਾਮੋਸ਼, ਨਰਮ ਗਲਬਾਤੀ, ਸੁਸਤ। ਸ਼ਾਇਦ ਏਸੇ ਕਾਰਨ ਸਾਡੇ ਦੋਹਾਂ 'ਚ ਬਹੁਤ ਘੁਟਣ ਲਗੀ ਸੀ।

'ਕਹਾਣੀ ਦਾ ਕੇਂਦਰੀ ਵਿਚਾਰ ਬਹੁਤ ਉਮਦਾ ਹੈ!' ਮੈਂ ਉਹਨੂੰ ਦਸਿਆ, 'ਇਕ ਹੀਰੋ ਹੈ।'

'ਉਹ ਤਾਂ ਹੋਵੇਗਾ ਹੀ ਸਾਲਾ!' ਦਿਲਾ-ਵਰ ਨੇ ਹੀਰੋ ਨੂੰ ਗਾਲ੍ਹ ਕਢਦੇ ਹੋਏ ਕਿਹਾ।

ਦਿਲਾਵਰ ਹੀਰੋ ਦੇ ਮੁਆਮਲੇ 'ਚ ਬਹੁਤ ਜ਼ਿਆਦਾ ਤਲਖ਼ੀ ਦਾ ਸਬੂਤ ਦਿੰਦਾ ਸੀ ਕਿਉਂਕਿ ਉਹ ਫਿਲਮਾਂ 'ਚ ਹੀਰੋ ਬਣਨ ਲਈ ਆਇਆ ਸੀ ਤੇ ਉਹਨੂੰ ਮਜਬੂਰਨ ਜ਼ਿੰਦਾ ਰਹਿਣ ਲਈ ਕਹਾਣੀਕਾਰ ਬਣਨਾ ਪਿਆ।

'ਇਕ ਉਹਦੀ ਮਾਂ ਹੈ,' ਮੈਂ ਦਸਿਆ।

'ਉਹ ਵੀ ਹੋਵੇਗੀ ਹੀ। ਮਾਂ ਤੋਂ ਬਿਨਾਂ ਵੀ ਬੇਟਾ ਹੋ ਸਕਦਾ ਹੈ ? ਸਾਲੇ ਤੂੰ ਕੀ ਗੱਲ ਕਰਦਾ ਹੈਂ ? ਕੀ ਕਹਾਣੀ ਸੁਣਾਂਦਾ ਹੈਂ ? ਇਕ ਮਾਂ ਸੀ। ਇਕ ਬੇਟਾ ਸੀ। ਸਾਲੇ! ਸ਼ਿਕਾਰਪੁਰ ਦਾ ਹੱਜਾਮ ਤੈਥੋਂ ਵਧੀਆ ਕਹਾਣੀ ਸੁਣਾ ਸਕਦਾ ਹੈ।'

ਦਿਲਾਵਰ ਨੇ ਜ਼ੋਰ ਦਾ ਇਕ ਧੱਫਾ ਮੇਰੀ ਪਿਠ ਤੇ ਦਿਤਾ। ਮੈਂ ਨਿਰਾਸ਼ ਹੋਕੇ ਚੁਪ ਹੋ ਗਿਆ।

'ਅੱਗੇ ?' ਦਿਲਾਵਰ ਨੇ ਪੁਛਿਆ।

'ਕੁਝ ਨਹੀਂ!' ਮੈਂ ਘੁਟੇ ਹੋਏ ਲਹਿਜੇ 'ਚ ਕਿਹਾ। ਮੇਰੀਆਂ ਅੱਖਾਂ 'ਚ ਹੰਝੂ ਆ ਰਹੇ ਸਨ।

ਦਿਲਾਵਰ ਕੁਝ ਪਲਾਂ ਲਈ ਚੁਪ ਰਿਹਾ। ਮੈਨੂੰ ਘੂਰਦਾ ਰਿਹਾ। ਫਿਰ ਪਾਟ ਪਿਆ ਤੇ ਵੀਹ ਪੰਝੀ ਗਾਲਾਂ ਸੁਨਾਣ ਤੋਂ ਮਗਰੋਂ ਬੋਲਿਆ—'ਅਜੀਬ ਗਾਉਦੀ ਨਾਲ ਵਾਹ ਪਿਆ ਹੈ। ਦਸ ਸਾਲ ਤੋਂ ਇਕੋ ਹੀ ਕਹਾਣੀ ਲਈ ਫਿਰਦਾ ਹੈ ਤੇ ਹੁਣ ਤਕ ਉਹਨੂੰ ਵੇਚ ਨਹੀਂ ਸਕਿਆ ਅਤੇ ਕਹਿੰਦਾ ਹੈ ਉਹਦਾ ਕੇਂਦਰੀ ਵਿਚਾਰ ਬਹੁਤ ਚੰਗਾ ਹੈ।'

'ਹਾਂ! ਜਿਹੜਾ ਸੁਣਦਾ ਹੈ, ਉਹ ਇਹੀ ਕਹਿੰਦਾ ਹੈ—ਕਹਾਣੀ ਬਹੁਤ ਚੰਗੀ ਹੈ।'

'ਪਰ ਖ਼ਰੀਦਦਾ ਕੋਈ ਨਹੀਂ।' ਦਿਲਾਵਰ ਨੇ ਪੁਛਿਆ, 'ਕਿਉਂ ?'

'ਕਹਿੰਦੇ ਹਨ—ਕਹਾਣੀ 'ਚ ਧਮਾਕਾ ਨਹੀਂ ਹੈ।'

'ਉਹ ਅਸੀਂ ਪਾਵਾਂਗੇ। ਕਹਾਣੀ ਤਾਂ ਸੁਣਾ।' ਦਿਲਾਵਰ ਨੇ ਇਕਾਇਕ ਨਰਮ ਲਹਿਜਾ ਅਪਣਾਂਦੇ ਹੋਏ ਮੈਨੂੰ ਕਿਹਾ—'ਮੈਨੂੰ ਪਸੰਦ ਆਈ ਤਾਂ ਮੈਂ ਤੈਥੋਂ ਖ਼ਰੀਦ ਲਵਾਂਗਾ, ਨਹੀਂ ਤਾਂ ਦੂਜੇ ਕੋਲ ਵਿਕਵਾ ਦੇਵਾਂਗਾ। ਪਰ ਪੂਰੀ ਕਹਾਣੀ ਸੁਨਾਣ ਤੋਂ ਪਹਿਲਾਂ ਮੈਨੂੰ ਉਹਦਾ ਕੇਂਦਰੀ ਵਿਚਾਰ ਦਸ ਦੇ।'

ਮੈਂ ਕਿਹਾ—'ਇਕ ਹੀਰੋ ਹੈ। ਇਕ ਮਾਂ ਹੈ। ਇਕ ਉਹਦੀ ਪ੍ਰੇਮਿਕਾ ਹੈ।'

'ਪ੍ਰੇਮਿਕਾ ਕਿਹਦੀ ਹੈ—ਮਾਂ ਦੀ ?' ਦਿਲਾਵਰ ਨੇ ਪੁਛਿਆ।

'ਨਹੀਂ, ਹੀਰੋ ਦੀ। ਮਜ਼ਾਕ ਕਿਉਂ ਕਰਦਾ ਏਂ ?' ਮੈਂ ਤੁਭਕ ਕੇ ਕਿਹਾ।

'ਤਾਂ ਮਰ ਇੰਝ। ਇੰਝ ਬੋਲ—ਇਕ ਹੀਰੋ ਹੈ। ਇਕ ਮਾਂ ਹੈ। ਇਕ ਹੀਰੋ ਦੀ ਪ੍ਰੇਮਿਕਾ ਹੈ।'

ਮੈਂ ਕਿਹਾ, 'ਮਾਂ ਬਹੁਤ ਗ਼ਰੀਬ ਹੈ ਤੇ ਵਿਧਵਾ ਹੈ ਅਤੇ ਉਹਨੇ ਬੜੀ ਮਿਹਨਤ ਮੁਸ਼ੱਕਤ ਨਾਲ ਅਪਣਾ ਪੇਟ ਕਟ ਕਟ ਕੇ ਬੇਟੇ ਨੂੰ ਪੜ੍ਹਾਇਆ, ਲਿਖਾਇਆ ਤੇ ਜਵਾਨ ਕੀਤਾ ਹੈ ਅਤੇ ਜਦੋਂ ਬੇਟਾ ਜਵਾਨ ਹੋ ਜਾਂਦਾ ਹੈ ਤਾਂ ਉਹਨੂੰ ਇਕ ਕੁੜੀ ਨਾਲ ਮੁਹੱਬਤ ਹੋ ਜਾਂਦੀ ਹੈ ਤੇ ਕੁੜੀ ਨੂੰ ਵੀ ਉਸ ਨਾਲ ਪ੍ਰੇਮ ਹੋ ਜਾਂਦਾ ਹੈ।'

'ਹੈਰਾਨੀ ਹੈ ਸਾਹਿਬ! ਕੁੜੀ ਨੂੰ ਵੀ ਪ੍ਰੇਮ ਹੋ ਜਾਂਦਾ ਹੈ!' ਦਿਲਾਵਰ ਬੋਲਿਆ 'ਅਜਿਹਾ ਅਜੀਬ ਕਿੱਸਾ ਤਾਂ ਅਸੀਂ ਅਜ ਤਕ ਨਹੀਂ ਸੁਣਿਆ।'

ਮੈਨੂੰ ਗੁੱਸਾ ਤਾਂ ਬਹੁਤ ਆਇਆ ਪਰ

ਮੈਂ ਪੀ ਗਿਆ, ਕਿਉਂਕਿ ਮੈਂ ਵੀ ਹੁਣ ਕਹਾਣੀ ਸੁਨਾਣ ਤੇ ਤੁਲ ਗਿਆ ਸੀ। ਇਸ ਲਈ ਮੈਂ ਅਪਣੇ ਖੌਲਦੇ ਹੋਏ ਜਜ਼ਬਾਤ ਤੇ ਕਾਬੂ ਪਾਂਦੇ ਹੋਏ ਕਿਹਾ—'ਖ਼ੈਰ, ਵਿਚਕਾਰ ਦੀਆਂ ਬਹੁਤ ਸਾਰੀਆਂ ਘਟਨਾਵਾਂ ਕਟ ਕਰਦਾ ਹਾਂ। ਕਿੱਸਾ ਮੁਖ਼ਤਸਿਰ ਇਹ ਕਿ ਬੇਟੇ ਦੀ ਮੁਹੱਬਤ ਵੇਖਕੇ ਮਾਂ ਵੀ ਮੰਨ ਜਾਂਦੀ ਹੈ ਤੇ ਦੋਹਾਂ ਦੀ ਸ਼ਾਦੀ ਨਿਸਚਤ ਹੋ ਜਾਂਦੀ ਹੈ।'

'ਮਾਂ ਦੀ ਬੇਟੇ ਨਾਲ ਸ਼ਾਦੀ ਨਿਸਚਤ ਕਰਾ ਰਹੇ ਹੋ ?' ਦਿਲਾਵਰ ਨੇ ਪੁਛਿਆ।

'ਮਾਂ ਦੀ ਬੇਟੇ ਨਾਲ ਨਹੀਂ, ਮਾਂ ਦੀ ਹੀਰੋਇਨ ਨਾਲ... ...ਤੁਸੀਂ ਮੇਰਾ... ... ... ਮੇਰਾ ਮਤਲਬ ਹੈ ਕਿ ਬੇਟੇ ਦੀ ਹੀਰੋਇਨ ਨਾਲ ਸ਼ਾਦੀ ਨਿਸਚਤ ਹੋ ਜਾਂਦੀ ਹੈ।'

ਮੈਂ ਗੁੱਸੇ ਨਾਲ ਭੜਕ ਕੇ ਕਿਹਾ ਤੇ ਅਪਣੇ ਗੁੱਸੇ ਨੂੰ ਰੋਕ ਕੇ ਛੇਤੀ ੨ ਕਹਾਣੀ ਸੁਨਾਣ ਲਗਾ—'ਸ਼ਾਦੀ ਤੋਂ ਇਕ ਮਹੀਨਾ ਪਹਿਲੇ ਅਚਾਨਕ ਹੀਰੋਇਨ ਬੀਮਾਰ ਪੈ ਜਾਂਦੀ ਹੈ। ਉਹਨੂੰ ਲਿਉਕੋਮੀਆ ਹੋ ਗਿਆ ਹੈ।'

'ਉਹ ਕੀ ਹੁੰਦਾ ਹੈ ? ਲਕਵਾ ਕਿਸਮ ਦੀ ਕੋਈ ਚੀਜ਼ ?'

'ਨਹੀਂ—ਲਹੂ ਦਾ ਕੈਂਸਰ ਤੇ ਉਹਦਾ ਸਿਰਫ ਇਕੋ ਇਲਾਜ ਹੈ—ਮਰੀਜ਼ ਦਾ ਲਹੂ ਬਦਲ ਦਿਤਾ ਜਾਵੇ ਪਰ ਮਰੀਜ਼ ਦੇ ਜਿਸਮ ਦਾ ਲਹੂ ਇਕ ਖ਼ਾਸ ਕਿਸਮ ਦਾ ਹੈ ਜਿਹੜਾ ਬਹੁਤ ਮੁਸ਼ਕਲ ਨਾਲ ਮਿਲਦਾ ਹੈ। ਬਹੁਤ ਤਲਾਸ਼ ਮਗਰੋਂ ਪਤਾ ਚਲਿਆ ਹੈ ਕਿ ਲਹੂ ਤਾਂ ਮਿਲ ਜਾਵੇਗਾ ਪਰ ਉਹਦੀ ਕੀਮਤ ਕਈ ਹਜ਼ਾਰ ਰੁਪਏ ਹੋਵੇਗੀ। ਇਹ ਕੀਮਤ ਨਾ ਹੀਰੋ ਚੁਕਾ ਸਕਦਾ ਹੈ ਨਾ ਹੀਰੋਇਨ।'

'ਹੁਣ ਹੀਰੋਇਨ ਦਾ ਮਰਨਾ ਯਕੀਨੀ ਹੈ। ਉਹਨੂੰ ਇਸ ਮੌਤ ਤੋਂ ਕੇਵਲ ਹੀਰੋ ਦੀ ਮਾਂ ਬਚਾ ਸਕਦੀ ਹੈ ਕਿਉਂਕਿ ਹੀਰੋ ਦੀ ਮਾਂ ਦੇ ਲਹੂ ਦੀ ਕਿਸਮ ਵੀ ਉਹੀ ਹੈ ਜਿਹੜੀ ਹੀਰੋਇਨ ਦੇ ਲਹੂ ਦੀ ਹੈ। ਹੁਣ ਹੀਰੋ ਅਜੀਬ ਮੁਸ਼ਕਲ 'ਚ ਹੈ। ਮਾਂ ਨੂੰ ਲਹੂ ਦੇਣ ਲਈ ਕਹਿੰਦਾ ਹੈ ਤਾਂ ਮਾਂ ਦੀ ਜਾਨ ਜਾਂਦੀ ਹੈ। ਨਹੀਂ ਕਹਿੰਦਾ ਤਾਂ ਹੀਰੋਇਨ ਦੀ ਜਾਨ ਜਾਂਦੀ ਹੈ।'

'ਬਸ, ਬਸ, ਅਗੋ ਦਸ ! ਮੈਂ ਸਭ ਸਮਝ ਗਿਆ।'

'ਕੀ ਸਮਝਿਆ ?' ਮੈਂ ਉਸ ਵਲ ਹੈਰਾਨ ਹੋਕੇ ਕਿਹਾ।

ਦਿਲਾਵਰ ਕੈਨਟੀਨ ਦੀ ਮੇਜ਼ ਤੋਂ ਉਠਦੇ ਹੋਏ ਬੋਲਿਆ—

'ਮੇਰੇ ਨਾਲ ਮੋਟੋ ਭਾਈ ਦੇ ਦਫਤਰ 'ਚ ਚਲੋ ਆਉ। ਹੁਣੇ ਏਸ ਵੇਲੇ ਕਹਾਣੀ ਵੇਚਕੇ ਵਿਖਾਂਦਾ ਹਾਂ।'

ਮੋਟੋ ਭਾਈ ਪ੍ਰੋਡਕਸ਼ਨਜ਼ ਦੇ ਚਪੜਾਸੀ ਨੇ ਸਾਡਾ ਰਾਹ ਰੋਕਦੇ ਹੋਏ ਕਿਹਾ—'ਸੇਠ ਅੰਦਰ ਕੰਮ ਕਰ ਰਿਹਾ ਹੈ, ਬੋਲਤਾ ਹੈ ਕਿਸੀ ਕੋ ਮਤ ਆਨੇ ਦੋ।'

ਦਿਲਾਵਰ ਨੇ ਚਪੜਾਸੀ ਨੂੰ ਹੱਥ ਦੇ ਇਕ ਝਟਕੇ ਨਾਲ ਪਰੇ ਸੁਟ ਦਿਤਾ ਤੇ ਮੈਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ।

ਮੋਟੋ ਭਾਈ ਨੇ ਮੈਨੂੰ ਤੇ ਦਿਲਾਵਰ ਨੂੰ ਇੰਝ ਬਿਨਾ ਇਜਾਜ਼ਤ ਅੰਦਰ ਵੜਦੇ ਵੇਖਕੇ ਬਹੁਤ ਹੈਰਾਨੀ ਪ੍ਰਗਟ ਕੀਤੀ ਕਿਉਂਕਿ ਉਹ ਇਸ ਵੇਲੇ ਦੋ ਡਿਸਟਰੀਬਿਊਟਰਾਂ ਨਾਲ ਬਿਜ਼ਨਸ ਦੀ ਗਲਬਾਤ 'ਚ ਮਗਨ ਸਨ।

ਦਿਲਾਵਰ ਨੇ ਅੰਦਰ ਆਉਂਦੇ ਹੀ ਦਰਵਾਜ਼ਾ ਜ਼ੋਰ ਨਾਲ ਬੰਦ ਕੀਤਾ ਤੇ ਚਿਟਕਣੀ ਚੜ੍ਹਾ ਦਿਤੀ ਅਤੇ ਉਚੀ ਆਵਾਜ਼ 'ਚ ਬੋਲਿਆ—

'ਹੁਣ ਕੋਈ ਵਿਅਕਤੀ ਅੱਧੇ ਘੰਟੇ ਲਈ ਬਾਹਰ ਨਹੀਂ ਜਾ ਸਕਦਾ।'

'ਪਰ ਮੈਂ ਇਸ ਵੇਲੇ ਬਹੁਤ ਰੁਝਿਆ ਹੋਇਆ ਹਾਂ। ਤੂੰ ਤਾਂ ਵੇਖ ਰਿਹਾ ਹੈਂ ਦਿਲਾਵਰ ਭਾਈ ! ਇਹ ਮੇਰਾ ਬੰਗਾਲ ਦਾ ਡਿਸਟ੍ਰੀਬਿਊਟਰ ਹੈ—ਸੇਠ ਫਜ਼ਲਾ ਭਾਈ।'

'ਫਜ਼ਲ ਭਾਈ !' ਹੈਦਰਾਬਾਦ ਦੇ ਡਿਸਟਰੀਬਿਊਟਰ ਨੇ ਅਪਣਾ ਸਹੀ ਨਾਂ ਦਸਿਆ।

'ਹਾਂ, ਸੇਠ ਫਜ਼ਲ ਭਾਈ' ਮੋਟੋ ਭਾਈ ਨੇ ਸੁਧਾਰ ਪ੍ਰਵਾਨ ਕਰਦੇ ਹੋਏ ਕਿਹਾ—'ਇਸ ਟਾਈਮ ਨੂੰ ਮੇਰੇ ਕੋਲ ਟਾਈਮ ਨਹੀਂ ਹੈ।'

ਦਿਲਾਵਰ ਗਰਜ ਕੇ ਬੋਲਿਆ—'ਸੇਠ ! ਸਿਰਫ ਅੱਧਾ ਘੰਟਾ ਮੰਗਦਾ ਹਾਂ। ਇਕ ਕਹਾਣੀ ਦਾ ਆਈਡੀਆ ਸੁਨਾਣ ਆਇਆ ਹਾਂ। ਕਹਾਣੀ ਸੁਣਕੇ ਭੜਕ ਨਾ ਜਾਉ ਤਾਂ ਮੇਰੀ ਜੁੱਤੀ, ਮੇਰਾ ਸਿਰ !' ਇਹ ਕਹਿਕੇ ਦਿਲਾਵਰ ਨੇ ਅਪਣੇ ਪੈਰ 'ਚੋਂ ਜੁੱਤੀ ਲਾਹਕੇ ਸਾਹਮਣੇ ਕੱਚ ਦੀ ਤਿਪਾਈ ਤੇ ਰਖ ਦਿਤੀ।

ਸਭ ਲੋਕ ਹੈਰਾਨੀ ਨਾਲ ਉਸ ਜੁੱਤੀ ਨੂੰ ਵੇਖਣ ਲਗੇ। ਫਿਰ ਸਭ ਲੋਕ ਉਸ ਤੋਂ ਵੀ ਵਧ ਹੈਰਾਨੀ ਨਾਲ ਦਿਲਾਵਰ ਦੇ ਸਿਰ ਨੂੰ ਵੇਖਣ ਲਗੇ। ਪਰ ਦਿਲਾਵਰ ਨੇ ਉਨ੍ਹਾਂ ਨੂੰ ਅਗੋ ਸੋਚਣ ਦਾ ਮੌਕਾ ਨਾ ਦਿਤਾ। ਬੋਲਿਆ—'ਸੇਠ ! ਕਹਾਣੀ ਸ਼ੁਰੂ ਕਰਦਾ ਹਾਂ। ਸਕਰੀਨ ਦੇ ਪਰਦੇ ਤੇ ਇਕ ਜੁੱਤਾ ਆਉਂਦਾ ਹੈ—ਡਬਲ ਸੋਲ ਦਾ। ਇਹ ਜੁੱਤਾ ਹੀਰੋ ਦਾ ਹੈ। ਹੀਰੋ ਅਪਣੇ ਜੁੱਤੇ ਨਾਲ ਜ਼ੋਰ ਦੀ ਇਕ ਠੋਕਰ ਮਾਰਦਾ ਹੈ—ਵਿਲੇਨ ਦੇ ਸਿਰ ਤੇ। ਵਿਲੇਨ ਰੁੜ੍ਹਦਾ ਹੋਇਆ ਪਿਛੇ ਜਾਂਦਾ ਹੈ। ਕੈਮਰਾ ਭੱਜਦਾ ਹੋਇਆ ਅੱਗੇ ਜਾਂਦਾ ਹੈ। ਪੌੜੀਆਂ ਦੇ ਪਿਛੋਂ ਦੋ ਗੁੰਡੇ ਵਿਲੇਨ ਦੇ ਸਿਰ ਤੇ ਪ੍ਰਗਟ ਹੁੰਦੇ ਹਨ।

ਹੱਥ ਵਿਚ ਸ਼ਮਸ਼ੀਰੇ ਬੇਨਿਆਮ (ਨੰਗੀ). ਕਮਰ ਵਿਚ ਆਫਤਾਬੇ ਸਮੱਸਮ, ਅਖਾਂ ਤੇ ਸਿਆਹ ਨਕਾਬ, ਗਰਦਨ ਵਿਚ ਗੋਤਾ-ਏ ਗਰਦਾਬ। ਉਹ ਹਮਲਾ ਕਰਨ ਲਈ ਅਗੇ ਵਧਦੇ ਹਨ ਕਿ ਝਟਪਟ ਪਲਟ ਕੇ ਹੀਰੋ ਉਨ੍ਹਾਂ ਸਾਹਮਣੇ ਆ ਜਾਂਦਾ ਹੈ। ਉਹਦੇ ਹੱਥ 'ਚ ਰਿਵਾਲਵਰ ਹੈ। ਰਿਵਾਲਵਰ ਦਾ ਮੂੰਹ ਅੱਗੇ ਆਉਂਦਾ ਹੈ, ਅੱਗੇ ਆਉਂਦਾ ਹੈ, ਅਗੇ ਆਉਂਦਾ ਹੈ ਤੇ ਇਕ ਦਮ ਪਰਦੇ ਤੇ ਤਿੰਨ ਗੋਲੀਆਂ ਚਲਦੀਆਂ ਹਨ।

'ਬੀਂਗ ਬੀਂਗ ਫ਼ੀਟਿੰਗ... ...ਅਤੇ ਟਾਈਟਲ ਸ਼ੁਰੂ ਹੁੰਦੇ ਹਨ।'

'ਇਹ ਬੀਂਗ ਬੀਂਗ ਫੀਟਿੰਗ ਕੀ ਹੈ ?' ਸੇਠ ਅਤਰ ਚੰਦ ਨੇ ਪੁਛਿਆ।

'ਫਿਲਮ ਦਾ ਟਾਈਟਲ ਹੈ।' ਦਿਲਾਵਰ ਨੇ ਦਸਿਆ।

ਦੋਵਾਂ ਡਿਸਟਰੀਬਿਊਟਰਾਂ ਨੇ ਖ਼ੁਸ਼ੀ ਤੇ ਹੈਰਾਨੀ ਨਾਲ ਇਕ ਦੂਜੇ ਵਲ ਵੇਖਿਆ। ਨਿਰਸੰਦੇਹ ਅਜ ਤਕ ਕਿਸੇ ਫਿਲਮ ਕੰਪਨੀ ਨੇ ਅਜਿਹਾ ਟਾਈਟਲ ਨਹੀਂ ਸੀ ਦਿਤਾ। ਦੋਵੇਂ ਡਿਸਟਰੀਬਿਊਟਰ ਅਪਣੀਆਂ ਕੁਰਸੀਆਂ ਖਿਸਕਾ ਕੇ ਦਿਲਾਵਰ ਦੇ ਨੇੜੇ ਚਲੇ ਆਏ। ਦਿਲਾਵਰ ਭਾਂਪ ਕੇ ਬੋਲਿਆ—'ਮੋਟੋ ਭਾਈ ! ਕਹਾਣੀ ਅਗੇ ਸੁਣਾਵਾਂ ਕਿ ਨਹੀਂ ?'

ਮੋਟੋ ਭਾਈ ਵੀ ਡਿਸਟਰੀਬਿਊਟਰਾਂ ਦੀ ਦਿਲਚਸਪੀ ਤਾੜ ਚੁਕਿਆ ਸੀ। ਝਟ ਲਹਿਜਾ ਬਦਲਕੇ ਮਧੁਰ ਅੰਦਾਜ਼ 'ਚ ਬੋਲਿਆ—

'ਨਹੀਂ, ਨਹੀਂ, ਦਿਲਾਵਰ ਭਾਈ ! ਓਪਨਿੰਗ ਤਾਂ ਇਕ ਦਮ ਧਾਂਸੂ ਹੈ। ਹੁਣ ਤਾਂ ਕਹਾਣੀ ਸੁਨਾਣੀ ਪਵੇਗੀ—ਕਿਉਂ ਫ਼ਜ਼ਲਾ ਭਾਈ ?' ਮੋਟੋ ਭਾਈ ਨੇ ਹੈਦਰਾਬਾਦ ਦੇ ਡਿਸਟਰੀਬਿਊਟਰ ਤੋਂ ਮਨਜ਼ੂਰੀ ਚਾਹੀ !

'ਫਜ਼ਲਭਾਈ।' ਹੈਦਰਾਬਾਦ ਦੇ ਡਿਸਟਰੀਬਿਊਟਰ ਨੇ ਕੁਝ ਬੇਜ਼ਾਰ ਹੋਕੇ ਫਿਰ ਅਪਣਾ ਸਹੀ ਨਾਂ ਦਸਿਆ ਤੇ ਕੁਝ ਘਬਰਾਕੇ ਅਪਣੇ ਨੇੜੇ ਦੀ ਕੁਰਸੀ ਤੇ ਬੈਠੀ ਹੋਈ ਮਿਸ ਅਰਾਧਨਾ ਵਲ ਵੇਖਿਆ।

ਉਂਝ ਤਾਂ ਮਿਸ ਅਰਾਧਨਾ ਮੋਟੋ ਭਾਈ ਦੀ ਫਿਲਮ 'ਸਿੰਦਬਾਦ ਦੀ ਬੇਟੀ' ਦੀ ਹੀਰੋਇਨ ਸੀ ਪਰ ਕੰਮ ਸਾਰਾ ਹੀਰੋ ਦਾ ਕਰਦੀ ਸੀ, ਅਰਥਾਤ ਘੋੜਾ ਦੌੜਾਣਾ, ਬੰਦੂਕ ਚਲਾਣਾ, ਦੀਵਾਰ ਤੋਂ ਕੁੱਦ ਪੈਣਾ, ਪਹਾੜ ਤੋਂ ਛਾਲ ਲਾਕੇ ਸਮੁੰਦਰ 'ਚ ਤੈਰਨ ਲਗਣਾ ਆਦਿ ੨। ਉਹਨੂੰ ਸ਼ਾਦੀ ਕਰਨ ਦਾ ਬਹੁਤ ਸ਼ੌਕ ਸੀ। ਹੁਣ ਤਕ ਤਿੰਨ ਵਾਰ ਤਲਾਕ ਲੈ ਚੁਕੀ ਸੀ ਤੇ ਚੌਥੇ ਦੀ ਫਿਕਰ ਵਿਚ ਸੀ। ਸੇਠ ਫਜ਼ਲ ਭਾਈ ਬੜੀਆਂ ਮਿਠੀਆਂ ੨ ਨਜ਼ਰਾਂ ਨਾਲ ਉਸ ਵਲ ਵੇਖ ਰਿਹਾ ਸੀ। ਇਸ ਲਈ ਜਦੋਂ ਮੋਟੋ ਭਾਈ ਉਹਦਾ ਨਾਂ ਗ਼ਲਤ ਪੁਕਾਰਦਾ ਤਾਂ ਉਹਨੂੰ ਬਹੁਤ ਗੁੱਸਾ ਆਉਂਦਾ ਸੀ ਅਤੇ ਉਹ ਕੁਝ ਘਬਰਾਕੇ ਮਿਸ ਅਰਾਧਨਾ ਵਲ ਵੇਖਣ ਲਗਦਾ ਪਰ ਮਿਸ ਅਰਾਧਨਾ ਨੂੰ ਇਸ ਵਿਗੜੇ ਹੋਏ ਨਾਂ ਨਾਲ ਕਿਸੇ ਤਰਾਂ ਦੀ ਪਰੇਸ਼ਾਨੀ ਨਹੀਂ ਸੀ ਮਹਿਸੂਸ ਹੁੰਦੀ ਕਿਉਂਕਿ ਫਿਲਮਾਂ 'ਚ ਆਉਣ ਤੋਂ ਪਹਿਲਾਂ ਉਹਦਾ ਨਾਂ ਮਿਸ ਸ਼ੀਲਾ ਬਾਈ ਕਾਰਤੂਸ ਵਾਲਾ ਸੀ।

ਦਿਲਾਵਰ ਨੇ ਇਕ ਨਜ਼ਰ ਨਾਲ ਮਿਸ ਅਰਾਧਨਾ ਵਲ ਵੇਖਿਆ। ਧੁਖ਼ਦੀਆਂ ਹੋਈਆਂ ਅੱਖਾਂ ! ਸੁਲਗਦੇ ਹੋਏ ਹੋਂਠ ! ਭਰੇ ਹੋਏ ਪਿਸਤੌਲ ਵਾਂਗ ਖ਼ਤਰਨਾਕ ਉਹਦੀ ਜਵਾਨੀ ਸੀ।

'ਹੁਣ ਮੈਂ ਫਿਲਮ ਦਾ ਆਖ਼ਰੀ ਸੀਨ ਸੁਣਾਂਦਾ ਹਾਂ।'

ਦਿਲਾਵਰ ਇਕਾਇਕ ਆਪਣੀ ਕੁਰਸੀ ਤੇ ਉਕੜੂੰ ਹੋ ਕੇ ਬਹਿ ਗਿਆ ਤੇ ਇਸ ਤੋਂ ਪਹਿਲਾਂ ਕਿ ਕੋਈ ਇਤਰਾਜ਼ ਕਰੇ ਕਿ ਫਿਲਮ ਦਾ ਪਹਿਲਾ ਸੀਨ ਸੁਨਾਣ ਮਗਰੋਂ ਆਖ਼ਰੀ ਸੀਨ ਕਿਉਂ ਸੁਣਾਂਦੇ ਹੋ, ਉਹ ਸ਼ੁਰੂ ਹੋ ਗਿਆ।

'ਜ਼ਰਾ ਧਿਆਨ ਨਾਲ ਸੁਨਣਾ। ਇਹ ਵਿਲੇਨ ਦਾ ਅੰਤ ਹੈ। ਐਸਾ ਚੱਕਰਧਾਰੀ ਖ਼ਾਤਮਾ ਦਿਤਾ ਹੈ ਕਿ ਜਿਹੜਾ ਸੁਣੇਗਾ ਉਹਦੇ ਧੂਰੇ ਉਡ ਜਾਣਗੇ, ਜਿਹੜਾ ਵੇਖੇਗਾ ਬੰਟਾਧਾਰ ਹੋ ਜਾਵੇਗਾ।'

'ਬੀਂਗ ਬੀਂਗ ਫਿਟਿੰਗ... ...ਸਾਲਾ ਕੀ ਰੋਲ ਦਿਤਾ ਹੈ ਲਲਿਤਾ ਪਵਾਰ ਨੂੰ !'

'ਕੀ ਦਿਤਾ ਹੈ ?' ਮੋਟੋ ਭਾਈ ਨੇ

ਹੈਰਾਨੀ ਨਾਲ ਪੁਛਿਆ।

'ਹੀਰੋ ਦੀ ਮਾਂ ਦਾ, ਮਗਰ ਕੀ ਰੋਲ ਦਿਤਾ ਹੈ ਸੇਠ !' ਦਿਲਾਵਰ ਕੁਰਸੀ ਤੋਂ ਉਛਲ ਕੇ ਮੋਟੇ ਭਾਈ ਕੋਲ ਸੋਫੇ ਤੇ ਜਾ ਬੈਠਾ—'ਅਤੇ ਲਲਿਤਾ ਬਾਈ ਵੀ ਉਹ ਕੰਮ ਕਰੇਗੀ, ਉਹ ਕੰਮ ਕਰੇਗੀ ਕਿ ਸਾਰੀਆਂ ਦੇ ਦੋ ਕੰਨ ਪਾੜਕੇ ਰਖ ਦੇਵੇਗੀ।'

'ਉਹ ਕਿਵੇਂ ?'

'ਕੰਨ ਖੋਲ੍ਹਕੇ ਸੁਣ ਸੇਠ ਮੋਟੇ ਭਾਈ ! ਜ਼ਿੰਦਗੀ 'ਚ ਅਜ ਤਕ ਅਜਿਹੀ ਕਹਾਣੀ ਨਹੀਂ ਸੁਣੀ ਹੋਵੇਗੀ। ਅਜਿਹੀ ਫਿਲਮ ਨਹੀਂ ਬਣਾਈ ਹੋਵੇਗੀ। ਲਲਿਤਾ ਪਵਾਰ ਹੀਰੋ ਦੀ ਮਾਂ ਹੈ। ਉਹ ਚਾਹੁੰਦੀ ਹੈ ਕਿ ਹੀਰੋ ਦੀ ਸ਼ਾਦੀ ਹੀਰੋਇਨ ਨਾਲ ਹੋ ਜਾਵੇ ਪਰ ਹੀਰੋਇਨ ਇਨਕਾਰੀ ਹੈ ਕਿਉਂਕਿ ਉਹਨੂੰ ਖ਼ੂਨ ਦਾ ਲਕਵਾ ਹੈ !'

'ਖ਼ੂਨ ਦਾ ਲਕਵਾ !' ਸੇਠ ਅਤਰ ਚੰਦ ਨੇ ਪੁਛਿਆ।

'ਲਿਊਕੋਮੀਆ !' ਮੈਂ ਕਿਹਾ।

'ਖ਼ੂਨ ਦਾ ਲਕਵਾ !' ਦਿਲਾਵਰ ਗਰਜ ਕੇ ਬੋਲਿਆ, 'ਮੈਂ ਆਪ ਡਾਕਟਰਾਂ ਤੋਂ ਪਤਾ ਕੀਤਾ ਹੈ। ਬੜੀ ਖ਼ਤਰਨਾਕ ਬੀਮਾਰੀ ਹੁੰਦੀ ਹੈ ਤੇ ਉਹਦਾ ਇਲਾਜ ਸਿਰਫ਼ ਇਕੋ ਹੈ ਤੇ ਉਹ ਇਹ ਹੈ ਕਿ ਮਰੀਜ਼ ਦੇ ਸਰੀਰ 'ਚੋਂ ਲਕਵੇ ਦਾ ਸਾਰਾ ਖ਼ੂਨ ਕਢ ਲਿਆ ਜਾਂਦਾ ਹੈ ਤੇ ਕਿਸੇ ਦੂਜੇ ਤੰਦਰੁਸਤ ਆਦਮੀ ਦਾ ਸਾਰਾ ਖ਼ੂਨ ਉਹਨੂੰ ਦੇ ਦਿਤਾ ਜਾਂਦਾ ਹੈ। ਸਮਝਦੇ ਹੋ ਮੋਟੇ ਭਾਈ—ਸਾਰਾ ਖ਼ੂਨ ਯਾਨੀ ਖ਼ੂਨ ਦੇ ਬਦਲੇ ਖ਼ੂਨ। ਹੁਣ ਜਿਹੜਾ ਆਦਮੀ ਅਪਣਾ ਖ਼ੂਨ ਦੇਵਗਾ, ਸਾਲਾ ਉਹ ਮਰੇਗਾ ਕਿ ਨਹੀਂ ? ਅਤੇ ਨਹੀਂ ਦੇਵੇਗਾ ਤਾਂ ਮਰੀਜ਼ ਮਰ ਜਾਵੇਗਾ। ਹੁਣ ਅਜਿਹੀ ਉਲਝਣ 'ਚ ਆਖ਼ਰ 'ਚ ਕਹਾਣੀ ਨੂੰ ਲੈਕੇ ਆਇਆ ਹਾਂ ਕਿ ਵੇਖਣ ਵਾਲਾ ਵੇਖੇ ਤਾਂ ਚੱਕਰਘਿੰਨੀ ਖਾ ਜਾਵੇ।'

ਅਕਲ ਭੰਵਰ 'ਚ ਤੇ ਦਿਲ ਮੰਝਧਾਰ 'ਚ ਫਸਿਆ ਹੈ ਕਿਉਂਕਿ ਹੀਰੋਇਨ ਨੂੰ ਜੇਕਰ ਕੋਈ ਠੀਕ ਕਰ ਸਕਦਾ ਹੈ ਤਾਂ ਉਹ ਹੀਰੋ ਦੀ ਮਾਂ ਹੈ ਜਿਸ ਦੇ ਖ਼ੂਨ ਦਾ ਨੰਬਰ ਹੀਰੋਇਨ ਦੇ ਖ਼ੂਨ ਨਾਲ ਮਿਲਦਾ ਹੈ ਤੇ ਸਾਰੇ ਸ਼ਹਿਰ ਵਿਚ ਸਿਰਫ਼ ਦੋ ਆਦਮੀ ਹਨ ਜਿਨ੍ਹਾਂ ਦੇ ਖ਼ੂਨ ਦਾ ਨੰਬਰ ਹੀਰੋਇਨ ਦੇ ਖ਼ੂਨ ਨਾਲ ਮਿਲਦਾ ਹੈ। ਇਕ ਤਾਂ ਹੈ ਵਿਲੇਨ, ਦੂਜੀ ਹੀਰੋ ਦੀ ਮਾਂ। ਹੁਣ ਹੀਰੋ ਵਿਚਾਰਾ ਕੀ ਕਰੇ। ਵਿਲੇਨ ਕੋਲ ਜਾ ਨਹੀਂ ਸਕਦਾ ਤੇ ਮਾਂ ਤੋਂ ਮੰਗ ਨਹੀਂ ਸਕਦਾ ਅਤੇ ਆਪ ਖ਼ੂਨ ਦੇ ਨਹੀਂ ਸਕਦਾ ਕਿਉਂਕਿ ਉਹਦੇ ਖ਼ੂਨ ਦਾ ਨੰਬਰ ਹੀਰੋਇਨ ਦੇ ਖ਼ੂਨ ਤੋਂ ਵਖਰਾ ਹੈ। ਆਹਾ ! ਹਾ ! ਕੀ ਧੜਾਕੇਦਾਰ ਸਿਚੂਏਸ਼ਨ ਹੈ ! ਸਾਰੀ ਫਿਲਮ ਇੰਡਸਟਰੀ ਦੀ ਅਖ 'ਚ ਡੰਡਾ ਦੇ ਦਿਤਾ ਹੈ। ਹੈ ਕੋਈ ਮਾਈ ਦਾ ਲਾਲ ਅਜਿਹੀ ਘਨਘੋਰ ਘਟਾ ਸਿਚੂਏਸ਼ਨ ਬਣਾਣ ਵਾਲਾ ? ਮਗਰ ਸ਼ਾਬਾਸ਼ ਹੈ ਲਲਿਤਾ ਪਵਾਰ ਦੇ। ਉਹ ਸਭ ਸੁਣਦੀ ਹੈ ਕਿ ਉਹਦੇ ਖ਼ੂਨ ਦੇਣ ਨਾਲ ਮਰਦੀ ਹੋਈ ਹੀਰੋਇਨ ਦੀ ਜਾਨ ਬਚ ਸਕਦੀ ਹੈ, ਤਾਂ ਹੋਂਕਦੀ ਹਫਦੀ, ਉਠਦੀ ਬੈਠਦੀ, ਡਿਗਦੀ ਢਹਿੰਦੀ, ਝੁਕਦੀ ਰੁੜ੍ਹਦੀ ਹਸਪਤਾਲ ਅੰਦਰ ਪਹੁਚ ਜਾਂਦੀ ਹੈ ਤੇ ਪਸਤੋਲ ਕਢਕੇ ਡਾਕਟਰ ਨੂੰ ਮਜਬੂਰ ਕਰ ਦਿੰਦੀ ਹੈ ਕਿ ਉਹ ਇਸ ਦੇ ਜਿਸਮ ਦਾ ਸਾਰਾ ਖ਼ੂਨ ਕਢਕੇ ਹੀਰੋਇਨ ਦੇ ਜਿਸਮ 'ਚ ਪਾ ਦੇਵੇ। ਆਹ ! ਹਾ ! ਕੀ ਸਿਚੂਏਸ਼ਨ ਹੈ। ਇਧਰ ਹੀਰੋਇਨ ਤਾਕਤ ਫੜਦੀ ਹੈ ਉਧਰ ਮਾਂ ਮਰਦੀ ਜਾਂਦੀ ਹੈ। ਜਾਨ ਦੇ ਦਿਤੀ ਅਪਣੇ ਬੇਟੇ ਦੇ ਪ੍ਰੇਮ ਦੀ ਖ਼ਾਤਰ। ਕਿਹੜੀ ਕਹਾਣੀ 'ਚ ਇਹ ਸਿਚੂਏਸ਼ਨ ਹੈ, ਮੈਨੂੰ ਦਸੋ। ਲੈਲਾ ਮਜਨੂੰ ਕਿ ਹੀਰ ਰਾਂਝਾ ਕਿ ਰੋਮੀਓ ਜੂਲੀਅਟ ਵਿਚ ?'

'ਅਤੇ ਜ਼ਰਾ ਗੌਹ ਨਾਲ ਸੋਚੋ ਕਿ ਜਦੋਂ ਲਲਿਤਾ ਪਵਾਰ ਉਸ ਰੋਲ 'ਚ ਕੰਮ ਕਰੇਗੀ ਤਾਂ ਦੋ ਕੰਨ ਪਾੜਕੇ ਨਹੀਂ ਰਖ ਦੇਵੇਗੀ ਸਭ ਦੇ ?'

ਮੈਂ ਗਹੁ ਨਾਲ ਵੇਖਿਆ—ਮੋਟੇ ਭਾਈ ਦੀ ਅਖ ਵਿਚ ਹੰਝੂ ਸਨ ਤੇ ਦੋਵੇਂ ਡਿਸਟਰੀਬਿਊਟਰ ਸਿਚੂਏਸ਼ਨ ਦੇ ਡਰ ਨਾਲ ਹੈਰਾਨ ਪਰੇਸ਼ਾਨ ਸਨ। ਦਿਲਾਵਰ ਨੇ ਜ਼ੋਰ ਨਾਲ ਕੱਚ ਦੀ ਤਿਪਾਈ ਤੇ ਮੁੱਕਾ ਮਾਰਕੇ ਉਹਦੇ ਟੋਟੇ ਟੋਟੇ ਕਰ ਦਿਤੇ ਤੇ ਬੋਲਿਆ 'ਪਰ ਹੀਰੋ ਦੀ ਮਾਂ ਮਰਦੀ ਨਹੀਂ ਹੈ !' ਉਹਨੇ ਗਰਜ ਕੇ ਐਲਾਨ ਕੀਤਾ।

'ਨਹੀਂ ਮਰਦੀ ਹੈ ?' ਮੋਟੇ ਭਾਈ ਨੇ ਹੈਰਾਨੀ ਨਾਲ ਪੁਛਿਆ।

'ਮਰ ਜਾਵੇ ਤਾਂ ਕਹਾਣੀ ਕੀ ਹੋਈ... ਜੀ ਜਨਾਬ ! ਮਾਂ ਮਰਦੀ ਨਹੀਂ ਹੈ, ਉਹਨੂੰ ਹੀਰੋਇਨ ਬਚਾ ਲੈਂਦੀ ਹੈ।'

'ਕਿਵੇਂ ?'

'ਇਸ ਤਰਾਂ !' ਦਿਲਾਵਰ ਨੇ ਚਿੱਲਾਕੇ ਕਿਹਾ ਤੇ ਮਿਸ ਅਰਾਧਨਾ ਦੇ ਹੱਥ 'ਚੋਂ ਪਾਣੀ ਦਾ ਗਲਾਸ ਖੋਹ ਲਿਆ ਤੇ ਬੋਲਿਆ—

'ਹੀਰੋਇਨ ਅਪਰੇਸ਼ਨ ਦੀ ਮੇਜ਼ ਤੋਂ ਉਠਦੇ ਹੀ ਪਸਤੋਲ ਮਾਂ ਦੇ ਹੱਥੋਂ ਖੋਹਕੇ ਬਾਹਰ ਭੱਜ ਜਾਂਦੀ ਹੈ ਤੇ ਹੀਰੋ ਦੀ ਮੋਟਰ 'ਚ ਸਵਾਰ ਹੋਕੇ ਸ਼ਹਿਰ ਤੋਂ ਬਾਹਰ ਚਲੀ ਜਾਂਦੀ ਹੈ। ਸ਼ਹਿਰ ਖ਼ਤਮ ਹੋ ਗਿਆ। ਸੜਕ ਮੁਕ ਗਈ। ਮੋਟਰ ਰੁਕ ਗਈ। ਹੀਰੋਇਨ ਨੇ ਛਪਾਕ ਨਾਲ ਮੋਟਰ ਦਾ ਪਟ ਖੋਲ੍ਹਿਆ। ਧੜਾਕ ਨਾਲ ਚਲਦੇ ਹੋਏ ਇਕ ਘੋੜ ਸਵਾਰ ਨੂੰ ਰੋਕਿਆ। ਪਟਾਕ ਨਾਲ ਹੇਠਾਂ ਡੇਗਿਆ ਤੇ ਧਮਾਕ ਨਾਲ ਆਪ ਉਪਰ ਚੜ੍ਹ ਬੈਠੀ ਤੇ ਫਟਾਫਟ ਫਟਾਫਟ ਘੋੜਾ ਦੋੜਾਂਦੀ ਹੋਈ ਵਿਲੇਨ ਦੇ ਕਿਲ੍ਹੇ ਅੰਦਰ ਜਾ ਪਹੁੰਚੀ ਤੇ ਨਕਾਬਪੋਸ਼ ਹੁਸੀਨਾ ਬਣਕੇ ਉਹਨੇ ਵਿਲੇਨ ਨੂੰ ਜਾ ਘੇਰਿਆ ਤੇ ਫਿਰ ਉਹ ਘਮਸਾਨ ਦੀ ਲੜਾਈ ਹੋਈ ਦੋਹਾਂ ਵਿਚਕਾਰ।

ਬੀਂਗ ਬੀਂਗ ਫੀਟਿੰਗ... ...ਧੂਮ ਧਾਮ ਧੜਾਮ......ਫੜੂੰ ਫੜਾਂ ਫੜਾਂਚ। ਘੋਰਨਾਕ, ਗਜ਼ਬਨਾਕ, ਘਮਸਾਨ ਗੜੂੰਜ ਲੜਾਈ ਹੋਈ ਜਿਸ ਵਿਚ ਹੀਰੋਇਨ ਨੇ ਚਾਬਕ ਮਾਰ ਮਾਰਕੇ ਵਿਲੇਨ ਦੀਆਂ ਧੱਜੀਆਂ ਉਡਾ ਦਿਤੀਆਂ ਤੇ ਉਹਨੂੰ ਬੰਨ੍ਹਕੇ ਈਰਾਨੀ ਦਵਾਖ਼ਾਨੇ ਲੈ ਗਈ ਅਤੇ ਰੱਸੀ ਨਾਲ ਘੜੀਸਦੇ ਹੋਏ ਵਿਲੇਨ ਨੂੰ ਡਾਕਟਰ ਦੇ ਕਦਮਾਂ 'ਚ ਸੁਟਕੇ ਬੋਲੀ—'ਕਢੋ ਇਹਦੀਆਂ ਰਗਾਂ 'ਚੋਂ ਖ਼ੂਨ ਤੇ ਬਚਾ ਲਉ ਮੇਰੇ ਹੀਰੋ ਦੀ ਮਾਂ ਨੂੰ।'

'ਬੋਲੋ ! ਕੈਸੀ ਕਹਾਣੀ ਹੈ ?' ਦਿਲਾਵਰ ਨੇ ਇਕ ਦਮ ਕੱਚ ਦਾ ਗਲਾਸ ਜ਼ੋਰ ਨਾਲ ਦੀਵਾਰ ਤੇ ਦੇ ਮਾਰਿਆ ਤੇ ਟੁਟੇ ਕੱਚ ਦੇ ਛਨਾਕੇ ਨਾਲ ਆਪ ਵੀ ਚੁਪ ਹੋ ਗਿਆ।

ਮੈਂ ਵੇਖਿਆ ਸਾਰੇ ਕਮਰੇ 'ਚ ਸਨਾਟਾ ਸੀ। ਇਕ ਕੋਨੇ 'ਚ ਤਿਪਾਈ ਟੁਟੀ ਪਈ ਸੀ। ਦੂਜੇ ਕੋਨੇ 'ਚ ਕੱਚ ਦੇ ਗਲਾਸ ਦੇ ਟੋਟੇ ਪਏ ਸਨ। ਤੀਜੇ ਕੋਨੇ 'ਚ ਮਿਸ ਅਰਾਧਨਾ ਦਾ ਚਿਹਰਾ, ਵਿਲੇਨ ਦੀ ਲੜਾਈ ਦੀ ਕਲਪਨਾ ਨਾਲ ਸੁਰਖ਼ ਸੀ ਤੇ ਦੋਵੇਂ ਡਿਸਟ੍ਰੀਬਿਊਟਰ ਕਹਾਣੀ ਦੇ ਅੰਤ ਵਿਚ ਡੁਬੇ ਹੋਏ ਸਨ। ਸਿਰਫ਼ ਮੋਟੇ ਭਾਈ ਨੇ ਕਹਾਣੀ ਦੇ ਪਰਭਾਵ ਤੋਂ ਬਚ ਨਿਕਲਣ ਦੀ ਇਕ ਕਮਜ਼ੋਰ ਜੇਹੀ ਕੋਸ਼ਸ਼ ਕਰਦੇ ਹੋਏ ਕਿਹਾ—

'ਪਰ ਇਹ ਤਾਂ ਤੂੰ ਕਹਾਣੀ ਦਾ ਸ਼ੁਰੂ ਸੁਣਾਇਆ, ਫਿਰ ਅੰਤ ਸੁਣਾਇਆ, ਵਿਚਕਾਰਲਾ ਹਿੱਸਾ ਤਾਂ ਸੁਣਾਇਆ ਹੀ ਨਹੀਂ।'

'ਉਹ ਕੰਟਰੈਕਟ ਤੋਂ ਬਾਅਦ... ...' ਦਿਲਾਵਰ ਨੇ ਮੋਟੇ ਭਾਈ ਨੂੰ ਧਮਕਾਂਦੇ ਹੋਏ ਕਿਹਾ, 'ਪਹਿਲਾਂ ਕੰਟਰੈਕਟ ਕਰੋ—ਛੇ ਹਜ਼ਾਰ ਦਾ। ਤਿੰਨ ਸੋ ਐਡਵਾਂਸ ਦਿਉ, ਫਿਰ ਅਗੇ ਗੱਲ ਕਰੋ।'

'ਜੀ ਜਨਾਬ ! ਅਜਿਹੀਆਂ ਕੱਚੀਆਂ ਗੋਲੀਆਂ ਅਸੀਂ ਨਹੀਂ ਖੇਡਦੇ ਹਾਂ। ਸਾਰੀ ਕਹਾਣੀ ਇਕ ਦਮ ਸੁਣਾ ਦਿਉ।'

ਦਿਲਾਵਰ ਨੇ ਇਕ ਵਿਜੇਤਾ ਕੁਕੜ ਵਾਂਗ ਸੀਨਾ ਫੁਲਾ ਕੇ ਚਾਰੇ ਪਾਸੇ ਪ੍ਰਸੰਸਾ ਮੰਗਦੀਆਂ ਨਜ਼ਰਾਂ ਨਾਲ ਵੇਖਿਆ।

ਬੀਂਗ ਬੀਂਗ ਫੀਟਿੰਗ... ...

ਪਿਕਚਰ ਦੇ ਸਿਲਸਲੇ 'ਚ ਜਦੋਂ ਤਿੰਨ ਸੋ ਰੁਪਏ ਦਾ ਐਡਵਾਨਸ ਲੈਕੇ ਸ੍ਰੀ ਸਾਊਂਡ ਸਟੂਡੀਓ 'ਚੋਂ ਬਾਹਰ ਨਿਕਲੇ ਤਾਂ ਮੈਂ ਦਿਲਾਵਰ ਨੂੰ ਪੁਛਿਆ—'ਭਈਆ ! ਮੈਨੂੰ ਘਟੋ ਘਟ ਇੰਨਾ ਦਸ ਦੇ, ਇਹਬੀਂਗ ਬੀਂਗ ਫੀਟਿੰਗ,ਧੂਮ ਧੜਾਮ ਧੜਾਕਾ, ਫੜੂੰ ਫੜਾਂ ਫੜਾਂਚ, ਘਮਸਾਨ, ਗੜੂੰਚ, ਅੱਖਾਂ 'ਚ ਡੰਡਾ ਦੇਣਾ ਆਦਿ ਕਿਹੜੀ ਭਾਸ਼ਾ ਦੇ ਸ਼ਬਦ ਹਨ ਜਿਨ੍ਹਾਂ ਦੀ ਮਦਦ ਨਾਲ ਤੂੰ ਇਹ ਕਹਾਣੀ ਵੇਚੀ ਹੈ। ਮੈਂ ਤਾਂ ਅਜ ਤੀਕ ਕਿਸੇ ਡਿਕਸ਼ਨਰੀ 'ਚ ਇਹ ਸ਼ਬਦ ਤੇ ਮੁਹਾਵਰੇ ਨਹੀਂ ਵੇਖੇ।'

'ਅਹਿਮਕ, ਗਾਉਦੀ, ਮੂਰਖ ਹੀ ਰਹੇ ! ਦਿਲਾਵਰ ਨੇ ਚਹਿਕਦੇ ਹੋਏ ਕਿਹਾ—'ਜੇਕਰ ਡਿਕਸ਼ਨਰੀ ਦੇ ਸ਼ਬਦਾਂ ਦੀ ਮਦਦ ਨਾਲ ਕਹਾਣੀ ਵਿਕ ਸਕਦੀ ਤਾਂ ਤੂੰ ਅਜ ਦਸ ਸਾਲ ਤੋਂ ਇਸ ਇੰਡਸਟਰੀ 'ਚ ਕਿਉਂ ਝਖ ਮਾਰ ਰਿਹਾ ਹੁੰਦਾ ?—ਚਲ ਫਰਨਾਨਡੇਜ਼ ਦੀ ਖ਼ੁਫੀਆ ਬਾਰ 'ਚ। ਅੱਜ ਤਾਜ਼ਾ ਕਲੇਜੀ ਦੇ ਟਿੱਕੇ ਖਾਵਾਂਗੇ—ਤੇ ਭੱਠੀ ਦੀ ਪਹਿਲੀ ਧਾਰ ਦਾ ਠੱਰਾ ਪੀਆਂਗੇ।

●

FOR

LIFE INSURANCE

EDUCATION PLAN

MORTGAGE PLAN

**Retirement registered Saving Plan and all other kinds of insurance**

**Contact**

# DALJIT SANDHU

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ :-

**ਦਲਜੀਤ ਸੰਧੂ**



## National Life of Canada

Suite 501, 1155—West Pender Street
Vancouver, B.C. Phone: 685-7231

**Office** 685-7231 **Residence** 278-0491

---

THERE'S LIFE AT MARS

**MARS REALTY LTD.**
5467 VICTORIA DR., VANCOUVER, B.C.

**BUS. 327-8315**
**RES. 433-3334**



**For all kinds of real estate services, contact**

**DARSHAN BRAR, M.A.**

**Member Medallion Club of Real Estate Board of Greater Vancouver.**

**Mortgages — Aprraisals — Rentals — Sales**

---

# HIMALAYA RESTAURANT

**2313 MAIN STREET**
**VANCOUVER, B.C.**

**LICENSED PREMISES**
**PHONE: 876-2911**

**ਹਿਮਾਲੀਆ ਰੈਸਟੋਰੈਂਟ**

ਜਿਥੇ
ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ।
ਹਰ ਕਿਸਮ ਦੀ ਬੀਅਰ ਅਤੇ ਵਾਈਨ ਵੀ ਮਿਲਦੀ ਹੈ!!

# INTER-UNIVERSAL FOOD EMPORIUM

**9369 SCOTT RD. (120 St.)**

**DELTA, B.C.**

**Phone:** 584-7313

**STORE HOURS:**
**MONDAY thru THURSDAY:**
**10:30 A.M. to 7:00 P.M.**
**FRIDAY: 10:30 A.M. to 9:00 P.M.**
**SATURDAY: 9 A.M. to 7:00 P.M.**
**SUNDAY: 11:00 A.M. to 3:00 P.M.**

**Phone:** 584-7313

## ALL EAST INDIAN GROCERIES:

ਇੰਟਰ-ਯੂਨੀਵਰਸਲ ਫੂਡ ਇਮਪੋਰੀਅਮ 9369 ਸਕਾਟ ਰੋਡ, ਡੈਲਟਾ, ਬੀ. ਸੀ.

## BB BLOCK BROS. REALTY LTD.

(581-4601)



**Darshan Uppal**
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਤੁਹਾਡੇ
ਨਵੇਂ ਸਹਾਇਕ

**ਦਰਸ਼ਨ ਉੱਪਲ**

581-4601 594-8758

FOR ANY KIND OF

**Photography**

REMEMBER !!

# SANDEEP STUDIO

**CALL**

**HARCHARAN JHUTEE**

**325-9255**

# Top Priority

ANYTHING MORE IMPORTANT THAN YOUR FAMILY'S FUTURE?
PUT FIRST THINGS WITH COMMON SENSE LIFE INSURANCE
CALL ME TODAY





**Ajit Sidhu**
Sales Representative
**President's Council**

OFFICE:
524-3601
RESIDENCE:
584-4516

**AJIT SIDHU**

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 — 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Vice-President

**METROPOLITAN LIFE**
550 6th Street
New Westminster, B.C.

# BAINS INTERNATIONAL TRAVEL SERVICE LTD.

**(MEMBER IATA)**

| | | |
|---|---|---|
| 6364 FRASER STREET<br>VANCOUVER, B.C. | 935 MARINE DRIVE<br>NORTH VANCOUVER, B.C. | 1710 DOUGLAS STREET<br>VICTORIA, B.C. |
| **324-2277** | **980-0351** | **386-6363** |

## GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS

LONDON, HONG KONG, SINGAPORE, FIJI OR ANY OTHER PART OF THE WORLD.

We are appointed Agents for all major Airlines, such as —

BOAC, AIR INDIA, AIR CANADA, AIR FRANCE, SWISSAIR,
ALITALIA, PAN AMERICAN, TWA, JAPAN AIRLINES , CP AIR, NORTHWEST ORIENT, KLM,
LUFTHANSA, QANTAS, SAS — list is endless!
Being IATA member we can issue your ticket while you wait on any air line.

***Remember . . . One call does it, all ! ! !***

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ।
ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ
ਸਮੇਂ ਹੀ ਟਿਕਟਾਂ ਦੇ ਸਕਦੇ ਹਾਂ, ਜਦ ਤੁਸੀਂ ਬੁਕਿੰਗ ਕਰਾਓ।

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ : ਵਤਨੋਂ ਦੂਰ
LITERARY & CULTURAL MONTHLY OF PANJABI
THE WATNO DŪR
P.O. Box 1041, Coquitlam, B.C., Canada, V3J 6Z4
Second Class Mail Registration No. 3233
VOLUME 4 FEB. & MAR. 1976 S. NO. 32-33

autoplan

AUTHORIZED AGENT

KINGSGATE INSURANCE AGENCIES

104 KINGSGATE MALL 872-7827
370 EAST BROADWAY VANCOUVER B.C. V5T 4G5

1976 autoplan INSURANCE AND LICENCE

KHAN BROTHERS are pleased to announce the opening of their new office at **Kingsgate Mall**.

We offer complete Insurance Services and invite you to visit us or give us an opportunity to visit you to meet your Insurance needs.

The deadline for renewal of Automobile Insurance and License is **February 29** and we urge you to visit us early to avoid the last-minute rush.

We are located across from the Library in the Mall and our office hours will be **9:AM to 9:PM.** Monday to Saturday for the month of February.

If you do not receive your 1976 Renewal bring your 1975 Registration to us at no extra cost.

Drop in while shopping at the Mall — we're looking forward to meeting you. Lots of **free parking**.

If unable to come to our office, please phone and we'll arrange to pick up your Renewal.

KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5



RIASAT ALI KHAN

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN

FOR ALL YOUR INSURANCE NEEDS — KINGSGATE INSURANCE AGENCIES

Bus. Tel. 872-7827 or 874-2125

Residence: 873-1969